ਉਪਮਾ

ਸਪਾਦਕ

ਨਾਥ ਸਿੰਘ ਸ਼ਾਸਤਰੀ

ਤਿਨੂ ਬੁੱਕ ਕੰਪਨੀ
ਮਾਈ ਮੀਠਾਂ ਗੇਟ ਜਲੰਧਰ

[illegible]

[illegible]

[illegible]

24.5.68

ਉਪਾਸ਼ਕ

ਸੰਪਾਦਕ

ਹਰਨਾਮ ਦਾਸ ਸਹਿਰਾਈ

ਨਿਊ ਬੁਕ ਕੰਪਨੀ

ਜਲੰਧਰ

ਛਾਪਕ—
ਸ: ਜੋਗਿੰਦਰ ਸਿੰਘ,
ਈਲਾਈਟ ਪ੍ਰਿੰਟਰਜ਼,
ਪ੍ਰੇਮ ਨਗਰ, ਜਲੰਧਰ ।
ਪ੍ਰਕਾਸ਼ਕ—
ਸ: ਮਹਿਤਾਬ ਸਿੰਘ,
ਨਿਊ ਬੁਕ ਕੰਪਨੀ,
ਮਾਈ ਹੀਰਾਂ ਗੇਟ, ਜਲੰਧਰ ।
ਮੁਲ—2.00

ਉਪਾਸ਼ਕ

ਪਿੰਡ ਲਾਂਬੜਾ ਜ਼ਿਲਾ ਹੁਸ਼ਿਆਰਪੁਰ ਸੰਨ 1919 ਨੂੰ ਸਰਦਾਰ ਰਲਾ ਸਿੰਘ ਰਾਮਗੜ੍ਹੀਆ ਦੇ ਘਰ ਬਿਸ਼ਨ ਸਿੰਘ ਉਪਾਸ਼ਕ ਦਾ ਜਨਮ ਹੋਇਆ। ਕੰਮ ਤਰਖਾਣਾਂ ਦਾ ਸੀ ਅਤੇ ਨਾਲ ਪਿੰਡ ਦੀ ਸੇਪ ਵੀ ਰਖੀ ਹੋਈ ਸੀ। ਜ਼ਿੰਮੀਂਦਾਰਾਂ ਨਾਲ ਚੰਗਾ ਭਰਪਣ ਸੀ। ਦਾਤਰੀਆਂ ਦੇ ਦੰਦੇ ਕਢਣੇ ਅਤੇ ਰੰਬਾ ਹਰ ਜਣੇ ਖਣੇ ਨੂੰ ਚੰਡ ਕੇ ਦੇ ਦੇਣਾ ਬਸ ਇਤਨੀ ਗਲ ਵਿਚ ਹੀ ਚੋਧਰ ਬਣੀ ਹੋਈ ਸੀ।

ਪਿੰਡ ਦੇ ਮੁੰਡਿਆਂ ਵਾਂਗੂ ਵੀ ਉਪਾਸ਼ਕ ਨੇ ਵਗ ਚਾਰਿਆ, ਏਰਨੇ ਗੋਹੇ ਚੁਣੇ, ਜਾਮਨੂੰ ਅਤੇ ਅੰਬਾਂ ਦੇ ਬਾਗਾਂ ਥਲਿਓਂ ਅੰਬ ਚੂਪੇ, ਗੁਲੀ ਡੰਡਾ ਖੇਡਿਆ, ਜੰਡ ਬ੍ਰਾਹਮਣ ਲੁੰਡੀ, ਚੋਰੀ, ਕਬੱਡੀ, ਚੀਚੋ ਚੀਚ ਘਚੋਲੀਆਂ ਅਤੇ ਘੋੜੀ ਬਣਨ ਦੀਆਂ ਸਾਰੀਆਂ ਖੇਡਾਂ ਖੇਡ ਵੇਖੀਆਂ।

ਮੁੰਡਾ ਤਰਖਾਣਾਂ ਦਾ ਪੁਤ ਸੀ ਪੜ੍ਹਾ ਲਿਖਾ ਕੇ ਬਾਣੀਆ ਥੋੜ੍ਹਾ ਬਣਾਣਾ ਸੀ। ਸਿਰਫ ਬਾਪੂ ਨੇ ਪਿੰਡ ਦੀ ਧਰਮ ਸ਼ਾਲਾ ਦੇ ਭਾਈ ਕੋਲੋਂ ਗੁਰਮੁਖੀ ਦੀਆਂ ਕੁਝ ਦੋ ਚਾਰ ਲਗਾਂ ਮਾਤਰਾਂ ਸਿਖਾਈਆਂ ਅਤੇ ਮੁੰਡਾ ਉਠਾ ਲਿਆ।

ਟਾਟਾ ਨਗਰ, ਬੇਬੇ ਪਗ ਵਾਲੀ ਕੋਲੋਂ ਵੀ ਪੜ੍ਹ ਕੇ ਦੇਖ ਲਿਆ। ਬਸ ਜਪੁਜੀ ਸਾਹਿਬ ਕੰਠ ਕੀਤਾ ਤੇ ਮੁੰਡਾ ਪੜਾਕੂ ਬਣ ਗਿਆ। ਉਪਾਸ਼ਕ ਦੇ ਕਰਮਾਂ ਵਿਚ ਇਸ ਤੋਂ ਵਧ ਪੜ੍ਹਾਈ ਨਹੀਂ ਸੀ। ਪਿੰਡ ਵਿਚ ਇਸ ਤੋਂ ਵਧ ਲੋੜ ਵੀ ਨਹੀਂ ਸੀ।

ਬਸਤਾ ਕਛੇ ਮਾਰ ਕੇ ਸਕੂਲੇ ਜਾਣ ਦਾ ਚਾਅ ਉਪਾਸ਼ਕ ਦੇ ਮਨ ਵਿਚ ਉਛਾਲੇ ਮਾਰਦਾ ਰਿਹਾ। ਪਰ ਕੋਈ ਤਜਵੀਜ਼ ਕਾਰਗਰ ਨਾ ਹੋਈ। ਬਾਪੂ ਨੇ ਤੇਸਾ ਤੇ ਆਰੀ ਸਾਹਮਣੇ ਲਿਆ ਰਖੀ ਅਤੇ ਜ਼ਿੰਦਗੀ ਦੀ ਡੰਡੀ ਵਿਖਾ ਦਿਤੀ। ਬਚਾ ਖੱਟ ਨਾਲੇ ਖਾ।

ਉਪਾਸ਼ਕ ਕੋਲੋਂ ਲਕੜੀਆਂ ਦੇ ਸਕ ਲਾਹੇ ਨਾ ਗਏ। ਕਿਸੇ ਮੁਟਿਆਰ ਦੇ ਚਰਖੇ ਦਾ ਮੁੰਨਾ ਤਕ ਨਾ ਠੋਕਿਆ ਗਿਆ। ਕਿਸੇ ਰਾਂਗਲੇ ਪਲੰਗ ਦੀਆਂ ਚੂਲਾਂ ਵੀ ਨਾ ਕਢੀਆਂ ਗਈਆਂ। ਸੰਦੂਕ ਕੀ ਬਣਾਨਾ ਸੀ ਲੂਣਦਾਨੀ ਵੀ ਨਾ ਬਣਾ ਸਕਿਆ।

ਬਾਪੂ ਦੁਖੀ ਹੋ ਗਿਆ ਅਤੇ ਮਾਂ ਦੀਆਂ ਸੱਧਰਾਂ ਨੂੰ ਕਿਸੇ ਸਗਣ ਵੀ ਨਾ ਪਾਇਆ, ਵਿਚਾਰੀ ਉਡੀਕ ਵਿਚ ਹੀ ਸਹਿਕਦੀ ਰਹੀ। ਪੁਤ ਕਮਾਊ ਨਾ ਹੋਵੇ ਤੇ ਮਾਪਿਆਂ ਲਈ ਬੜਾ ਸੱਲ ਹੁੰਦਾ ਏ। ਪਲੇਠੀ ਦਾ ਪੁਤ ਸੀ, ਬਾਪੂ ਦਾ ਵਿਚਾਰ ਸੀ

ਕਿ ਪੁਤ ਲਕੜੀ ਦਾ ਚੰਗਾ ਕਾਰੀਗਰ ਬਣ ਜਾਵੇ, ਕੰਡੀ ਦਾ ਇਲਾਕਾ ਏ ਇਸ ਲਈ ਕੰਮ ਦਾ ਕੋਈ ਘਾਟਾ ਨਹੀਂ। ਇਸ ਲਈ ਬਾਪੂ ਇਸ ਗਲ ਤੇ ਬਾਜ਼ਿਦ ਸੀ। ਇਹ ਜ਼ਿਦ ਉਪਾਸ਼ਕ ਲਈ ਨਫ਼ਰਤ ਵਿਚ ਬਦਲ ਗਈ। ਘਰ ਵਿਚ ਮਾਂ ਮਹਿਟਰਾਂ ਵਰਗਾ ਸਲੂਕ ਹੋਣ ਲਗਾ ਉਪਾਸ਼ਕ ਨਾਲ। ਪਿਉ ਪੁਤ ਦੇ ਆਪਸ ਵਿਚ ਖਿਆਲ ਨਹੀਂ ਸਨ ਮਿਲਦੇ। ਬਾਪੂ ਚਾਹੁੰਦਾ ਸੀ ਕਿ ਪੁਤ ਲਕੜੀ ਛਿਲਣ ਦਾ ਮਾਹਿਰ ਬਣ ਜਾਵੇ ਪਰ ਉਪਾਸ਼ਕ ਤਰਖਾਣ ਨਹੀਂ ਸੀ ਬਣਨਾ ਚਾਹੁੰਦਾ। ਉਹਦੇ ਵਲਵਲਿਆਂ ਪਿਛੇ ਇਕ ਦੁਨੀਆਂ ਜਨਮ ਲੈ ਰਹੀ ਸੀ। ਗਰੰਥੀਆਂ ਦੇ ਅੱਡੇ ਚੜ੍ਹ ਗਿਆ ਬਰੁਖਦਾਰ। ਢਾਡੀਆਂ ਦੀ ਸਰੰਗੀ ਚੁਕਣੀ ਕਬੂਲ ਕਰ ਲਈ। ਇਸ ਲਈ ਕਿ ਸਟੇਜ ਤੇ ਬੋਲਣ ਦੀ ਸੰਗ ਲਥ ਜਾਵੇ। ਸੰਗ ਲਥੀ ਤੇ ਝਕ ਖੁਲ੍ਹਿਆ ਉਪਾਸ਼ਕ ਦਾ। ਕਾਦਰ ਦਾ ਪੂਰਨ, ਵਾਰਸ ਦੀ ਹੀਰ, ਪੀਲੂ ਦਾ ਮਿਰਜ਼ਾ ਅਤੇ ਨਜ਼ਾਬਤ ਦੀ ਵਾਰ ਪੜ੍ਹ ਕੇ ਠੱਠ ਬੰਨ੍ਹਣ ਦੀ ਜਾਚ ਸਿਖ ਲਈ। ਕਰਤਾਰ ਸਿੰਘ ਕਲਾਸਵਾਲੀਏ ਦੇ ਬੈਂਤ ਪੜ੍ਹੇ, ਫਜ਼ਲ ਸ਼ਾਹ ਦੀ ਸੋਹਣੀ, ਹਮਦਮ, ਸ਼ਰਫ਼ ਅਤੇ ਚਾਤ੍ਰਿਕ ਦੀਆਂ ਨਜ਼ਮਾਂ ਪੜ੍ਹ ਪੜ੍ਹ ਕੇ ਆਪੇ ਹੀ ਸ਼ਾਇਰ ਬਣ ਗਿਆ। ਲੋਕਾਂ ਆਖਿਆ ਜਾ ਵੇ ਕਿਸੇ ਪੀਹੜੀ ਦਾ ਪਾਵਾ ਠੋਕ, ਸ਼ਾਇਰੀ ਤੇਰੇ ਵਸ ਦਾ ਰੋਗ ਨਹੀਂ। ਇਕ ਅਗੇ ਹੀ ਸ਼ਕਲ ਵਲੋਂ ਯੂਸਫ਼ਖਾਨੀ ਸੀ ਦੂਜਾ ਪੈ ਗਿਆ ਮੜ੍ਹੀਆਂ ਦੇ ਰਾਹ। ਨਜ਼ਰ ਲਗਦੀ ਲਗਦੀ ਬਚੀ, ਬਾਬੇ ਨੇ ਨਜ਼ਰਵਟੂ ਬੰਨ੍ਹ ਦਿਤਾ ਗਲ ਵਿਚ। ਉਪਾਸ਼ਕ ਇਸ ਨੰਬਰਦਾਰੀ ਵਿਚ ਹੀ ਕਵੀ ਬਣ ਗਿਆ।

ਉਪਾਸ਼ਕ ਨੂੰ ਅਜ ਵੀ ਪੁਛੀਏ, ਤੂੰ ਪੜਿਆ ਨਹੀਂ, ਲਿਖਿਆਂ ਨਹੀਂ ਕਵੀ ਕਿਵੇਂ ਬਣ ਗਿਆ ?

ਬੁਲ੍ਹ ਅਟੇਰ ਕੇ ਝਟ ਹੀ ਬੋਲ ਪਵੇਗਾ, "ਮੰਨਿਆ ਮੇਰੇ ਨਾਂ ਮਗਰ ਸਰ-ਕਾਰੀ ਬਿੰਦੀਆਂ ਨਹੀਂ, ਪਰ ਮੈਂ ਖੁਸ਼ ਹਾਂ, ਮੈਨੂੰ ਪੜ੍ਹਣ ਵਾਲੇ ਸਾਰੇ ਡਿਗਰੀਆਂ ਵਾਲੇ ਹਨ। ਮੈਨੂੰ ਕੀ ਲੋੜ ਏ ਡਿਗਰੀਆਂ ਦੀ, ਮੈਂ ਡਿਗਰੀਆਂ ਲੈ ਕੇ ਗਹਿਣੇ ਨਹੀਂ ਪਾਉਣੀਆਂ। ਚੰਗਾ ਹੈ ਇਸੇ ਤਰ੍ਹਾਂ ਮੇਰੀਆਂ ਕਿਤਾਬਾਂ ਪੜ੍ਹ ਕੇ ਲੋਕ ਡਿਗਰੀਆਂ ਵਾਲੇ ਤਾਂ ਬਣ ਜਾਣਗੇ। ਇਸੇ ਖੁਸ਼ੀ ਵਿਚ ਮੇਰੇ ਪੱਬ ਜ਼ਮੀਨ ,ਤੋਂ ਉਚੇ ਹੋ ਹੋ ਚਲਦੇ ਹਨ।"

ਕਾਫ਼ੀ ਹਾਉਸ ਵਿਚ ਮੈਂ ਇਸ ਲਈ ਗਾਲੜ੍ਹੀਆਂ ਨੂੰ ਮੂੰਹ ਨਹੀਂ ਲਾਉਂਦਾ ਕਿ ਉਹ ਸਿਰਫ਼ ਦਮਗਜੇ ਬਾਜ਼ ਹਨ, ਲਪੋਟ ਸੰਖ, ਉਨ੍ਹਾਂ ਕੋਲ ਫੋਕੀ ਲਫ਼ਾਫ਼ੇਬਾਜ਼ੀ ਬੜੀ ਏ ਹੋਰ ਕੁਝ ਨਹੀਂ।

ਬਾਪੂ ਨੇ ਕਾਲੀ ਮਿੱਟੀ ਭੇਜ ਦਿਤਾ। "ਜਾ ਧੀਏ ਰਾਵੀ ਨਾ ਆਵੀ ਤੇ ਨਾ ਜਾਵੀ।" ਜਿਸ ਨੂੰ ਅਜ ਟਾਟਾ ਨਗਰ ਆਖਦੇ ਹਨ ਉਹ ਉਥੇ ਪੁਜ ਗਿਆ। ਬੁਢੇ ਤੰਤੇ ਵੀ ਕਦੀ ਪੜ੍ਹਦੇ ਹਨ। ਪਰ ਫਿਰ ਵੀ ਕੋਸ਼ਿਸ਼ ਕੀਤੀ ਗਈ, ਸਕੂਲੇ ਪਾ ਦਿਤਾ ਬੁਧ ਵਲੇਟ ਉਪਾਸ਼ਕ ਨੂੰ। ਜਿਥੇ ਮੁੰਡੇ ਤੇ ਕੁੜੀਆਂ ਇਕੱਠੇ ਪੜ੍ਹਦੇ ਸਨ। ਪੜ੍ਹਣ ਲਿਖਣ ਵਲੋਂ ਤੇ ਚੌੜ ਚਾਨਣ ਹੀ ਰਿਹਾ, ਕੋਰਾ ਅਤੇ ਸਖਣਾ ਪਰ ਆਸ਼ਕ ਮਿਜ਼ਾਜ ਜ਼ਰੂਰ ਬਣ ਗਿਆ। ਦੁਧ ਪੀਣਾ ਮਜਨੂੰ ਸਕੂਲੋਂ ਪਿਆਰ ਦੀ ਪੁੜੀਆਂ ਬੰਨ ਕੇ ਨਿਕਲਿਆ। ਹੱਟੀ ਹੱਟੀ ਵੇਚ ਵੇਖੀਆਂ ਪਰ ਕਿਸੇ ਨੇ ਮੁੱਲ ਨਾ ਲਈਆਂ। "ਹਥ ਪਰਾਏ ਖੋਸੜੇ ਬਸੰਤੇ ਹੁਰੀ ਆਏ।' ਜਹੇ ਜਕੂਲ ਗਏ ਤਹੇ ਹੀ ਵਾਪਸ ਆਏ, ਬਿਲਕੁਲ ਬੇਰੰਗ। ਮਰਜ਼ ਸਹੇੜ ਲਿਆਏ ਇਸ਼ਕ ਦੀ, ਜਿਦ੍ਹਾ ਇਲਾਜ ਸਿਰਫ਼ ਚੰਚਲ, ਬਲੌਰੀ, ਸੰਗ ਮਰਮਰੀ ਗੋਰੀ ਕੋਲ ਹੀ ਸੀ।

ਉਹਦੀ ਮਾਂ ਤੇ ਉਪਾਸ਼ਕ ਦੀ ਮਾਂ ਜਦੋਂ ਕੁਅਰੀਆਂ ਸਨ ਉਦੋਂ ਦੀਆਂ ਭੈਣਾਂ ਬਣੀਆਂ ਹੋਈਆ ਸਨ ਅਤੇ ਆਪਸ ਵਿਚ ਉਦੋਂ ਹੀ ਕੁੜਮਣੀਆਂ ਬਣ ਗਈਆਂ। ਇਕ ਪਤਨੀ ਬਣ ਗਈ ਅਤੇ ਦੂਜੀ ਕਵਿਤਾ। ਉਪਾਸ਼ਕ ਆਪਣੀ ਕਵਿਤਾ ਵਿਚ ਜੱਨਤ ਦੀ ਸੈਰ ਕਰਦਾ ਰਿਹਾ ਅਤੇ ਆਖਦਾ ਰਿਹਾ ਕਿ ਮੈਂ ਖੁਸ਼ ਕਿਸਮਤ ਇਨਸਾਨ ਹਾਂ। ਮੇਰੀ ਪ੍ਰੇਮਿਕਾ ਮੇਰੀ ਕਵਿਤਾ ਹੈ। ਸਾਰੀ ਉਮਰ ਉਪਾਸ਼ਕ ਨੂੰ ਪਿਆਰ ਨਹੀਂ ਮਿਲਿਆ। ਪਿਆਰ ਤੋਂ ਵਾਂਝਿਆ ਹੀ ਰਹਿ ਗਿਆ ਉਪਾਸ਼ਕ।

ਇਸ ਲਈ ਉਹਦੀ ਕਵਿਤਾ ਵਿਚ ਤੜਪ ਏ, ਜਲਣ ਏ, ਖੋਜ ਏ, ਲਚਕ ਏ ਅਤੇ ਪਿਆਰ ਦੇ ਭਰਲੇ ਹਨ। ਉਪਾਸ਼ਕ ਆਪਣੀ ਕਵਿਤਾ ਵਿਚ ਥਾਂ ਥਾਂ ਉਲਾਂਭਿਆ ਦੇ ਨਕਸ਼ ਛਡ ਜਾਂਦਾ ਹੈ ਅਤੇ ਆਪ ਲਾਂਭੇ ਹੋ ਜਾਂਦਾ ਹੈ ਅੱਖਾਂ ਵਿਚ ਘਸੁੰਨ ਦੇ ਕੇ ਰੋਣ ਲਈ। ਹੁਣ ਉਹਦੇ ਕੋਲ ਨਾ ਕੋਈ ਦੀਪੋ ਏ ਤੇ ਨਾ ਕੋਈ ਕਵਿਤਾ ਵਾਲੀ ਰਾਣੀ ਈ। ਕਲਮੁਕੱਲਾ ਫਟ ਪਾਬ ਦਾ ਰਾਜਾ ਖ਼ਾਲੀ ਸ਼ਾਇਰ ਏ ਹੋਰ ਕੁਝ ਨਹੀਂ।

ਦੀਪੋ ਅਤੇ ਰਾਣੀ ਜ਼ਿੰਦਗੀ ਵਿਚ ਦੋ ਹੂਰਾ ਆਈਆਂ, ਰਬ ਦੀਆਂ ਭੇਜੀਆਂ ਜਾਂ ਦੁਨੀਆਂ ਵਾਲਿਆਂ ਨੇ ਬਖਸ਼ੀਆਂ, ਇਕ ਮੰਗੇਤਰ ਸੀ ਅਤੇ ਦੂਜੀ ਉੱਧਲ ਜਾਣਾ ਚਾਹੁੰਦੀ ਸੀ। ਉਨ੍ਹਾਂ ਵਿਚੋਂ ਇਕ ਪਤਨੀ ਬਣ ਗਈ ਅਤੇ ਦੂਜੀ ਕਵਿਤਾ ਹੀ ਬਣ ਕੇ ਰਹਿ ਗਈ। ਖਾਬਾਂ ਦੇ ਸੇਜ ਦੀ ਫੁਲਾਂ ਰਾਣੀ। ਅਜ ਤਕ ਉਪਾਸ਼ਕ ਉਹਦੇ ਖਾਬ ਦੇਖ ਰਿਹਾ ਏ। ਉਸ ਇਕ ਵਾਰ ਝੂਠੇ ਸਚੇ ਆਣ ਕੇ ਨਹੀਂ ਪੁਛਿਆ ਕਿ ਇਕਰਾਰ ਕੀਤਾ ਸੀ ਆਈ ਨਹੀਂ। ਉਪਾਸ਼ਕ ਨੂੰ ਉਮੀਦ ਏ ਕਿ ਉਹ ਆਵੇਗੀ, ਅਜੇ ਤਕ ਤੇ ਆਈ ਨਹੀਂ, ਜਦ ਕਦੀ ਭੁਲੇਖੇ ਵਿਚ ਆਈ ਤੇ ਸਾਡੇ ਨਾਲ ਲਾਵਾਂ ਲੈ ਲਏਗੀ। ਉਪਾਸ਼ਕ ਇਨਕਾਰ ਕਰਨ ਵਾਲਾ ਨਹੀਂ ਜੇ ਅਜ ਵੀ ਆ ਜਾਵੇ।

ਉਪਾਸ਼ਕ ਕਦੇ ਕਦੇ ਆਖਦਾ ਏ ਮੇਰੇ ਜੀਵਨ ਵਿਚ ਇਕ ਗਾਉਣ ਵਾਲੀ, ਗੋਹਲ ਵਰਗੀ ਰੰਨ ਆਈ ਜਿਸਨੂੰ ਮੈਂ ਵੀ ਰਤਨ ਕੌਰ ਆਖਦਾ ਸਾਂ ਅਤੇ ਲੋਕ ਵੀ।

ਬੜਾ ਚਿਰ ਮੇਰੀ ਜ਼ਿੰਦਗੀ ਨਾਲ ਖੇਲਦੀ ਰਹੀ। ਜਦੋਂ ਮੈਨੂੰ ਖੋਖਲਾ ਕਰ ਚੁਕੀ ਤੇ ਹਥ ਤੇ ਹਥ ਮਾਰਕੇ ਉਡੀ ਸਾਫ਼ ਇਨਕਾਰੀ ਹੋ ਕੇ। ਸ਼ਾਦੀ ਕਰਨਾ ਗਾਉਣ ਵਾਲੀਆਂ ਦਾ ਕੰਮ ਨਹੀਂ, ਮਾਫ ਕਰਨਾ ਉਹ ਗਾਉਣ ਵਾਲੀ ਕਿਸੇ ਕੋਠੇ ਦਾ ਸ਼ਿੰਗਾਰ ਨਹੀਂ ਸੀ। ਸਗੋਂ ਸੁਸਾਇਟੀ ਗਰਲ ਸੀ। ਲੋਕ ਉਸਨੂੰ ਇਜ਼ਤ ਦੀ ਨਜ਼ਰ ਨਾਲ ਦੇਖਦੇ ਸਨ ਪਰ ਦਿਲ ਦੀ ਬੜੀ ਨੀਚ ਸੀ। ਉਸ ਮੈਨੂੰ ਬਰਬਾਦ ਕਰਕੇ ਰਖ ਦਿਤਾ ਨਾ ਮੈਨੂੰ ਘਰ ਦਾ ਰਹਿਣ ਦਿਤਾ ਨਾ ਘਾਟ ਦਾ। ਮੇਰੀਆਂ ਸਧਰਾਂ ਨੂੰ ਅਜੇ ਤਕ ਮਹਿੰਦੀ ਨਹੀ ਲਗੀ। ਉਹ ਉਦਾਸ, ਅਡੀਆਂ ਚੁਕ ਚੁਕ ਕੇ ਕਿਸੇ ਦਾ ਰਾਹ ਦੇਖ ਰਹੀਆਂ ਹਨ। ਅਥਰੂ ਕੇਰਦੀਆਂ ਹਨ ਬੇ ਰਹਿਮ ਲੋਕਾਂ ਤੇ। ਮੈਂ ਦੁਨੀਆਂ ਦੇ ਦੁਖ, ਦਰਦ ਸਭ ਕੁਝ ਪੀ ਜਾਂਦਾ ਹਾਂ।''

ਬੰਦਾ ਬੜਾ ਰਫ ਜਿਹਾ ਏ। ਪਰ ਸੋਚਣ ਵਾਲੀ ਗਲ ਏ ਕੇ ਉਹਦੀ ਐਨਕ ਦੇ ਸ਼ੀਸ਼ੇ ਧੁੰਦਲੇ ਤੇ ਹਨ ਪਰ ਨਜ਼ਰ ਬੜੀ ਤਿਖੀ ਏ। ਲੋਕ ਆਖਦੇ ਹਨ ਕਿ ਉਹ ਰਾਤ ਨੂੰ ਇੱਲ ਦੇ ਆਂਡੇ ਦਾ ਸੁਰਮਾ ਪਾਂਦਾ ਏ। ਹਰ ਗਲ ਦੀ ਖਲ ਲਾਹਕੇ ਦੇਖਦਾ ਏ। ਭੁੱਭਲ ਵਿਚ ਦਬੀਆਂ ਚਿੰਗਾੜੀਆਂ ਨੂੰ ਮਹਿਸੂਸ ਕਰ ਲੈਂਦਾ ਏ ਬਿਨਾਂ ਫੋਲਿਆਂ ਈ। ਸਿਆਣਾ ਏ ਏਨਾ ਕਿ ਫੂਕ ਨਹੀਂ ਮਾਰਦਾ ਮਤਾਂ ਕਿਤੇ ਭਾਂਬੜ ਨਾ ਮਚ ਜਾਵੇ। ਗਲ ਉਹ ਆਪਣੇ ਵਿਤ ਤੋਂ ਜ਼ਿਆਦਾ ਨਹੀਂ ਕਰਦਾ। ਛਾਲ ਮਾਰਦਾ ਏ ਪੁਲ ਤੋਂ, ਗੋਡੇ, ਗਿਟੇ ਤੜਵਾਨ ਲਈ ਨਹੀਂ ਪਬਾ ਭਾਰ ਪੈਣ ਲਈ, ਪਬਾਂ ਭਾਰ ਹੀ ਪੈਂਦਾ ਏ। ਤੇ ਲੋਕ ਹੈਰਾਨ ਤੇ ਹੱਕੇ ਬੱਕੇ ਰਹਿ ਜਾਂਦੇ ਹਨ।

ਬੰਗਾਲ, ਉੜੀਸਾ, ਬੰਬਈ, ਗੁਜਰਾਤ,ਬਿਹਾਰ, ਯੂਪੀ. ਵਿਚ ਘੁੰਮ ਕੇ ਕਈਆਂ ਬੋਲੀਆਂ ਦਾ ਗੁਣੀ ਬਣ ਗਿਆ ਏ। ਪੰਜਾਬੀ ਬੋਲੀ ਦਾ ਨਿਖਾਰ ਪਿੰਡ ਦਿਆਂ ਖੇਤਾਂ ਅਤੇ ਬੁਢੇ ਬੋਹੜ ਕੋਲ ਪਿੰਡ ਦੇ ਵਿਚ ਪੈਂਦੇ ਗਿੱਧੇ ਕੋਲੋਂ ਲਿਆ। ਬੋਲੀ ਦਾ ਜਲਵਾ, ਚਟਖਾਰਾ ਲੈਅ ਦਾ ਉਹ ਆਪਣੇ ਗੀਤਾਂ ਕੋਲੋਂ ਲੈਂਦਾ ਏ। ਲੰਬੀਆਂ ਨਜ਼ਮਾਂ ਲਿਖਣ ਦਾ ਉਹਨੂੰ ਝਸ ਏ, ਤੇ ਇਹੋ ਗਲ ਉਸਨੂੰ ਦੂਜੇ ਕਵੀਆਂ ਤੋਂ ਵਖਰੇ ਕਰਦੀ ਏ। ਲੰਬੀਆਂ ਨਜ਼ਮਾਂ ਬੋਲੀ ਲਈ ਇਕ ਨਿਹਮਤ ਹੁੰਦੀਆਂ ਹਨ।

ਉਪਾਸ਼ਕ ਸ਼ਿਕਰ ਖਾਣ ਦਾ ਆਦੀ ਏ। ਪਰ ਸ਼ਿਕਾਰ ਮਾਰ ਕੇ ਖਾਣਾ ਹਿੰਮਤ ਸਮਝਦਾ ਏ। ਮੁਰਦਾਰ ਖਾਣਾ ਉਪਾਸ਼ਕ ਦੀ ਫਿਤਰਤ ਤੋਂ ਵਿਰੁਧ ਹੈ।

ਉਪਾਸ਼ਕ ਕੁਝ ਬੰਦਿਆਂ ਦਾ ਅਹਿਸਾਨ ਮੰਦ ਵੀ ਏ। ਨੰਦ ਲਾਲ ਨੂਰਪੁਰੀ

ਮੋਹਣ ਸਿੰਘ, ਅਮ੍ਰਿਤਾ ਪ੍ਰੀਤਮ ਤੇ ਰਾਮ ਸਰਨ ਦਾਸ ਸਟੇਜੀ ਮਦਾਰੀਆਂ ਤੋਂ ਉਸਨੂੰ ਬੜੀ ਨਫਰਤ ਏ। ਉਹ ਉਨ੍ਹਾਂ ਉਸਤਾਦਾਂ ਨੂੰ ਉਸਤਾਦ ਹੀ ਨਹੀਂ ਮੰਨਦਾ। ਸਟੇਜ ਤੇ ਅੜ ਕੇ ਖੜ ਜਾਂਦਾ ਏ ਜਿਸ ਤਰ੍ਹਾਂ ਅੜ੍ਹਬ ਜਟ ਕਿਤੇ ਕਿੱਲਾ ਠੋਕ ਦੇਵੇ।

ਕਚੇ ਪਿੱਲੇ ਲੀਡਰ ਤੇ ਗੁੜ੍ਹ ਦਿਤਿਆਂ ਹੀ ਮਰ ਜਾਂਦੇ ਹਨ ਪਰ ਸ਼ਾਇਰ ਮਰਦੂਦ ਮਰਦਾ ਹੈ ਸਿਰਫ ਫੰਕੀ ਵਾਹ ਵਾਹ ਤੇ। ਫਿਰ ਉਹਨੂੰ ਕੋਈ ਨਹੀਂ ਬਚਾ ਸਕਦਾ ਭਾਵੇਂ ਉਹ ਕਿਤਨੀ ਸਾਧਨਾ ਕਰਦਾ ਫਿਰੇ। ਵਾਹ ਵਾਹ ਜ਼ਹਿਰ ਦਾ ਕੰਮ ਕਰ ਜਾਂਦੀ ਏ। ਆਦਮੀ ਨੂੰ ਵਾਹ ਵਾਹ ਵਿਚ ਨਹੀਂ ਫਸਣਾ ਚਾਹੀਦਾ।

ਲਤੀਫੇ ਬਾਜ਼ੀ ਵਿਚ ਵੀ ਉਸਤਾਦ ਏ, ਅਖਾੜੇ ਬਾਜ਼ ਏ, ਮਦਾਰੀ ਵੀ ਉਸ ਕੋਲੋਂ ਭਾਜ ਖਾ ਜਾਂਦੇ ਹਨ ਸ਼ਰਤ ਏ ਕਿ ਘੁਟ ਛੱਕੀ ਹੋਵੇ। ਗਾਲੜੀ ਨੰਬਰ ਇਕ ਦਾ ਏ। ਉਪਾਸ਼ਕ ਦੀ ਮਰਜ਼ੀ ਤੋਂ ਬਗੈਰ ਤੁਸੀਂ ਉਹਦੇ ਕੋਲੋਂ ਉਠਕੇ ਨਹੀਂ ਆ ਸਕਦੇ। ਇਕ ਗਲ ਦੀਆਂ ਵੀਹ ਵੀਹ ਗਲਾਂ ਕਰਕੇ ਦਸ ਦਿੰਦਾ ਏ। ਵਾਲ ਦੀ ਖਲ ਲਾਹੁਣੀ ਉਪਾਸ਼ਕ ਨੂੰ ਆਉਂਦੀ ਏ।

ਉਪਾਸ਼ਕ ਇਕ ਅਜੀਬ ਈ ਸ਼ੈਅ ਹੈ। ਖਿਦੂ ਨੂੰ ਫੋਲਿਆ ਲੀਰਾਂ ਨਿਕਲੀਆ ਨੇ। ਖਿਦੂ ਏ ਜਦੋਂ ਮਰਜ਼ੀ ਰਿੜ ਜਾਏ। ਉਹਨੂੰ ਕੋਈ ਡੱਕਾ ਨਹੀਂ ਕੋਈ ਰੋਕਣ ਵਾਲਾ ਨਹੀਂ।

ਉਪਾਸ਼ਕ ਨੂੰ ਤੁਸੀਂ ਜਾਣ ਤੇ ਲਿਆ ਹੋਣਾ ਏ। ਮੇਰਾ ਖਿਆਲ ਏ ਹੁਣ ਤੁਸੀਂ ਉਸਨੂੰ ਸ਼ਾਇਰ ਵੀ ਮੰਨ ਲਵੋ। ਮੇਰੀ ਮਿਹਨਤ ਸਫਲ ਹੋ ਜਾਵੇਗੀ। ਬੜੇ ਚਿਰ ਦੀ ਮਿਹਨਤ ਕਰ ਰਿਹਾ ਏ ਉਪਾਸ਼ਕ ਸ਼ਾਇਰ ਬਣ ਜਾਵੇ। ਬੜੀ ਦੂਰ ਏ ਸ਼ਾਇਰੀ ਪਰ ਉਹ ਉਹਦੇ ਗੋਢੇ ਮੁੱਢ ਬੈਠਾ ਹੋਇਆ ਏ ਸ਼ਾਇਰ ਬਣਕੇ ਹੀ ਉਠੇਗਾ।

"ਜ਼ਿੰਦਗੀ ਦੇ ਕਿਹੜੇ ਘੋਲ ਥਾਣੀ ਲੰਘਦੇ ਹੋਏ ਉਸਨੇ ਆਪਣੀ ਜ਼ਿੰਦਗੀ ਦੇ ਨਿਜੀ ਤਜਰਬਿਆਂ ਰਾਹੀਂ ਬੜਾ ਨਿਰੋਇਆ ਅਤੇ ਉਸਾਰੂ ਦ੍ਰਿਸ਼ਟੀ ਕੋਣ ਪ੍ਰਾਪਤ ਕੀਤਾ ਏ ਤੇ ਇਹ ਬੜੀ ਸੰਤੋਖ ਜਨਕ ਗਲ ਹੈ ਕਿ ਉਸਦੀ ਨਿਮਾਣੀ, ਨਿਤਾਣੀ, ਦਬੀ ਪਿਸੀ, ਦੁਖ ਦਰਦ ਨੂੰ ਉਲੀਕ ਕੇ ਉਸ ਦੀ ਦਵਾ ਲਭਣ ਵਿਚ ਸਫ਼ਲ ਹੋਇਆ ਹੈ।"

ਹਰਭਜਨ ਸਿੰਘ

ਮੈਨੂੰ ਪਿੰਡ ਦੀ ਸਵੇਰੇ ਪੜ੍ਹ ਕੇ ਸਚਮੁਚ ਪਿੰਡ ਦੇ ਨਜ਼ਾਰੇ ਮੇਰੀਆਂ ਅੱਖਾਂ ਸਾਹਮਣੇ ਆ ਜਾਂਦੇ ਹਨ। ਪਿੰਡ ਦੀ ਸਵੇਰ ਵਿਚ ਲੁਕਿਆ ਪੰਜਾਬ ਝਾਤੀਆਂ ਮਾਰਦਾ ਹੈ। ਪੰਜਾਬ ਦਾ ਨਿਖਰਿਆ ਚਿਹਰਾ ਤੁਸੀਂ ਕਵਿਤਾ ਪੜ੍ਹ ਕੇ ਦੇਖ ਸਕਦੇ ਹੋ। ਬੋਲੀ ਵਿਚ ਮਿਠਾਸ, ਲਚਕ ਕੁੱਟ ਕੁੱਟ ਕੇ ਭਰੀ ਹੋਈ ਏ। ਪੇਂਡੂ ਮਾਹੌਲ ਦੀ ਚਿਤਰਕਾਰੀ

ਸੱਰਘੀ ਵਰਗੀ ਏ। ਤਾਜ਼ਗੀ ਏ, ਸੁਹਪਣ ਏ, ਜਾਦੂ ਨਗਰੀ ਦੇ ਜਲਾਲ ਦੇ ਕੁਝ ਨਕਸ਼ ਹਨ। 'ਪਿੰਡ ਦੀ ਸਵੇਰ' ਦੀ ਪੋਇਟਰੀ ਵਿਚ ਕੁਝ ਰੰਗ ਹਨ, ਬਝੇ, ਗੁੰਦੇ ਅਤੇ ਜੜੇ ਹੋਏ।

'ਐਕਸਟਰਾ ਗਰਲ' ਅਤੇ 'ਫੇਮਸ ਬਿਲਡਿੰਗ' ਦੋਵੇਂ ਨਜ਼ਮਾਂ ਚੰਗੀਆਂ ਲੰਮੀਆਂ ਤੇ ਰੁਖੀਆਂ ਰੁਖੀਆਂ ਹਨ। ਬੰਬਈ ਜਿਸਨੂੰ ਤੁਸੀਂ ਹਿੰਦੁਸਤਾਨ ਦਾ ਪੈਰਸ ਆਖਦੇ ਹੋ ਉਹਦੇ ਵਿਚ ਜੀਉਂਦੀਆਂ ਲਾਸ਼ਾਂ ਮਿਲ ਜਾਂਦੀਆਂ ਹਨ ਜਿਸਨੂੰ ਉਪਾਸ਼ਕ ਐਕਸਟਰਾ ਗਰਲ ਆਖ ਦੇਵੇ ਜਾਂ ਫੇਮਸ ਬਿਲਡਿੰਗ।

ਬੋਲੀ ਵਿਚ ਭਾਵੇਂ ਖਰਵਾ ਪਣ ਏ ਪਰ ਉਸ ਖਰਵੇ ਪਣ ਵਿਚ ਵੀ ਕਮਾਲ ਏ। ਭਾਵੇਂ ਕੁਨੀਨ ਤੇ ਉਪਾਸ਼ਕ ਨੇ ਖੰਡ ਗਲੇਫਣ ਦੀ ਕੋਸ਼ਿਸ਼ ਕੀਤੀ ਹੈ। ਕੁਨੀਨ ਖੰਡ ਤੇ ਨਹੀਂ ਨਾ ਬਣ ਸਕਦੀ। ਖੰਡ ਦਾ ਕਦੇ ਸੁਆਦ ਮਿਠਾ ਤੇ ਨਹੀਂ ਨਾ ਰਹਿ ਸਕਦਾ। ਕੁੜਿਤਣ ਤੇ ਆ ਹੀ ਜਾਂਦੀ ਏ ਨਾ।

ਲੰਮੀਆਂ ਨਜ਼ਮਾਂ ਲਿਖਣ ਵਾਲਾ ਕਵੀ ਮੈਨੂੰ ਇਉਂ ਜਾਪਦਾ ਏ ਜਿਵੇਂ ਦਾਦਾ ਹੋਵੇ ਬੰਬਈ ਦੇ ਰਜਵਾੜੇ ਦਾ। ਪੰਜਾਬੀ ਸਾਹਿਤ ਵਿਚ ਇਹੋ ਜਿਹੀਆਂ ਨਜ਼ਰਾਂ ਬਹੁਤ ਘਟ ਹਨ ਜਿਨ੍ਹਾਂ ਵਿਚ ਸਚੀ ਜ਼ਿੰਦਗੀ ਦੇ ਤਜਰਬੇ ਦਾ ਨਿਚੋੜ ਕਢਿਆ ਹੋਵੇ। ਗੋਂਦ ਵੀ ਏ ਤੇ ਮਾਲਾ ਦੇ ਮਣਕੇ ਵੀ, ਪਰੁਚ ਜਾਣ ਤੇ ਮੋਤੀ ਨਹੀਂ ਤੇ ਪਥਰ। ਉਪਾਸ਼ਕ ਕਿਸੇ ਗਲ ਨੂੰ ਅੱਖਾਂ ਤੋਂ ਉਹਲੇ ਨਹੀਂ ਹੋਣ ਦਿੰਦਾ। ਸਾਰੀ ਨਗਰੀ ਦਾ ਚਿਕੜ ਉਹ ਵੇਖਦਾ ਏ, ਪਾਊਡਰ, ਕਰੀਮ ਤੇ ਲਿਪਸਟਿਕ ਵਿਚ ਲਪੇਟਿਆ ਹੋਇਆ। ਰੇਸ਼ਮੀ ਲਿਬਾਸ ਥਲੇ ਸੜੇਹਾਂਦ ਦਿੰਦਾ ਸਰੀਰ, ਬਦਬੂਦਾਰ ਜਿਸਮ ਲੁਕਿਆ ਹੋਇਆ। ਜ਼ਿੰਦਾ ਲਾਸ਼ਾਂ ਖੂਬਸੂਰਤ ਤਿਤਲੀਆਂ ਵਾਂਗੂੰ ਟਹਿਕਦੀਆਂ ਫਿਰਦੀਆਂ ਹਨ।

ਮੈਂ ਐਕਸਟਰਾ ਗਰਲ ਤੇ ਫੇਮਸ ਬਿਲਡਿੰਗ ਨੂੰ ਬੰਬਈ ਦੀ ਜ਼ਿੰਦਗੀ ਦਾ ਸ਼ਾਹਕਾਰ ਮੰਨਦਾ ਹਾਂ। ਬੰਬਈ ਦੀ ਖੋਖਲੀ ਜਿੰਦਗੀ ਦਾ ਇਹ ਆਈਨਾ ਏ।

ਇਹ ਸਾਰੀ ਜ਼ਿੰਦਗੀ ਹਰ ਸ਼ਹਿਰ ਦੀ ਜ਼ਿੰਦਗੀ ਏ। ਬੁਰਕਿਆਂ ਦੇ ਨਿਕਾਬ ਉਤਰੇ ਹਨ, ਵੇਖੋ ਤੇ ਸਹੀ ਉਪਾਸ਼ਕ ਇਕ ਦੂਰਬੀਨ ਏ।

ਉਪਾਸ਼ਕ ਦੀਆਂ ਕਵਿਤਾਵਾਂ ਵਿਚੋਂ ਉਪਾਸ਼ਕ ਨੂੰ ਦੇਖੋ, ਬਾਹਰੋਂ ਦੇਖਿਆ ਉਪਾਸ਼ਕ ਦਾ ਕੁਝ ਪਤਾ ਨਹੀਂ ਲਗਦਾ ਮੈਂ ਵੀ ਗਾਖਿਆ ਏ ਤੇ ਤਾਹੀਉਂ ਤੁਹਾਨੂੰ ਸਲਾਹ ਦਿਤੀ ਏ। ਮੈਂ ਚਾਹੁੰਦਾ ਹਾਂ ਕਿ ਤੁਸੀਂ ਉਪਾਸ਼ਕ ਨਾਂ ਦੀ ਕਿਤਾਬ ਪੜ੍ਹੋ ਅਤੇ ਵਿਚਾਰ ਬਣਾਵੋ ਉਪਾਸ਼ਕ ਬਾਰੇ।

ਹਰਨਾਮ ਦਾਸ "ਸਹਿਰਾਈ"

ਫੇਮੁਸ-ਬਿਲਡਿੰਗ

ਬੰਬਈ ਸ਼ਹਿਰ ਵਿਚ
'ਸਤ-ਰਸਤਿਓਂ' ਲੰਘ ਕੇ
'ਮਹਾਂ-ਲਖਸ਼ਮੀ' ਲਾਗੇ
'ਵਰਲੀਂ-ਨਾਕੇ' ਤੋਂ
ਜ਼ਰਾ ਉਪਰਲੇ ਪਾਸੇ
ਤੇ 'ਰੇਸ-ਕੋਰਸ' ਦੇ
ਬਸ-ਐਨ੍ਹ ਸਾਹਮਣੇਂ
ਇਕ ਬਹੁਤ ਵਡੇਰੀ
ਤੇ ਬੜੀ ਪਕੇਰੀ
ਪੀਲੇ ਜ਼ਹੇ ਰੰਗ ਦੀ
ਪਈ ਬਿਲਡਿੰਗ ਦਿੱਸੇ
ਜੀਹਨੂੰ ਆਖਣ ਲੋਕੀਂ
ਦੀ 'ਫੇਮੁਸ—ਬੋਂਬੇ'

ਫਾਟਕ ਚੋਂ ਲੰਘ ਕੇ
ਜਾਂ ਅੰਦਰ ਜਾਈਏ
'ਤਾਂ ਫੇਮੁਸ' ਬੱਲੇ
ਨਿਕੀਆਂ ਤੇ ਵੱਡੀਆਂ
ਕਈ ਮੈਲੀਆਂ ਮੈਲੀਆਂ
ਕਈ ਨਵੀਆਂ ਨਵੀਆਂ
ਹਨ ਖੜੀਆਂ ਕਾਰਾਂ
ਤੇ ਬਾਹਰ ਗੇਟ ਤੋਂ
ਸ਼ੌਂਕੀ ਪਰਵਾਨੇ
ਆਸ਼ਕ ਦੀਵਾਨੇ
ਜਾਂ ਫਿਰ ਆਵਾਰਾ
ਦਰਸ਼ਨ ਦੇ ਪਿਆਸੇ
ਕਿਸੇ ਆਸ 'ਚ ਬਝੇ
ਦਿਨ ਸਾਰਾ ਸਾਰਾ
ਪਏ ਰਹਿਣ ਖਲੋਤੇ
ਜਿਉਂ ਕਰੰਗ ਉਦਾਲੇ
ਗਿਰਝਾਂ ਦੇ ਟੋਲੇ
ਹਥ ਲਾਠੀ ਲੈ ਕੇ
ਅਸਟੂਲ ਤੇ ਬੈਠਾ
'ਫੇਮੁਸ' ਦਾ ਰਾਖਾ
ਦੁਰਕਾਰਦਾ ਰਹਿੰਦਾ।

ਕਾਰਾਂ ਚੋਂ ਲਹਿੰਦੇ
ਕਾਰਾਂ ਵਿਚ ਬਹਿੰਦੇ
ਕੇਸਾਂ ਦੇ ਲਛੇ
ਬੁਲ੍ਹ ਸੁਰਖੀ ਰੰਗੇ
ਨਾਜ਼ਾਂ ਵਿਚ ਮੱਤੇ
ਜ਼ਿੰਦਗੀ ਨੂੰ ਭੁਲੇ
ਕਸੇ ਹੋਏ ਜੰਪਰ
ਫੁਰਤੀਲੇ ਜੁਸੇ
ਪਏ ਸਰ ਸਰ ਕਰਦੇ
ਰੇਸ਼ਮ ਦੇ ਕਪੜੇ
ਅੱਖੀਆਂ ਤੇ ਚੰਬੜੇ
ਵਡ ਮੁਲੇ ਗੌਗਲਜ਼
ਤੇ ਮੋਟੇ ਸ਼ੀਸ਼ੇ
ਪਾਊਡਰ ਦੇ ਪੋਚੇ
ਜਿਸਮਾਂ ਤੇ ਲਖ ਲਖ
ਪਾ ਪਾ ਕੇ ਪਰਦੇ
ਕਈ ਭੇਸ ਵਟਾ ਕੇ
ਕਈ ਸਾਂਗ ਰਚਾ ਕੇ
ਸ਼ਕਲਾਂ ਨੂੰ ਲੁਕਾ ਕੇ
ਅਕਲਾਂ ਨੂੰ ਛੁਪਾ ਕੇ
ਫਿਰਦੇ ਨੇ ਫਿਲਮੀਂ
ਆਕਾਸ਼ ਦੇ ਤਾਰੇ
ਪਰੀਆਂ ਦੇ ਝੁਰਮਟ ।

ਬੇ-ਅੰਤ ਦੁਕਾਨਾਂ
ਬੇ-ਓੜਕ ਦਫਤਰ
ਇਨ੍ਹਾਂ ਕਮਰਿਆਂ ਅੰਦਰ
ਤੂਫਾਨ ਅਨੇਕਾਂ
ਸ਼ਮਸ਼ਾਨ ਅਨੇਕਾਂ
ਸ਼ੈਤਾਨ ਅਨੇਕਾਂ
ਇਨਸਾਨ ਅਨੇਕਾਂ
ਪਹਿਚਾਨ ਕੋਈ ਨਹੀਂ
ਬਗਲਾਂ 'ਚ ਪਲੰਦੇ
ਹੱਥਾਂ 'ਚ ਰਸਾਲੇ
ਫਿਰਦੇ ਨੇ ਦਰ ਦਰ
ਵਡ ਮੁਲੇ ਹੀਰੇ
ਚੋਟੀ ਦੇ ਲੇਖਕ
ਪਈ ਅਕਲ ਹੈ ਬਕਦੀ
ਕੌਚਾਂ ਵਿਚ ਬੈਠੇ
ਬਣ ਕੇ ਤੇ ਘੁੱਗੂ
ਅੰਨ-ਦਾਤੇ ਸੁਣ ਦੇ
ਨਿਤ ਲਾਹ ਕੇ ਬੁਰਕਾ
ਨੱਚਦੀ ਏ ਸ਼ਰਾਫਤ
ਤੜਫੇ ਉਸਤਾਦੀ
ਖੁਸ਼ ਹੈ ਤੁਕ-ਬੰਦੀ
ਰਜਦੀ ਏ ਖ਼ੁਸ਼ਾਮਦ
ਜਾਂ ਰਿਸ਼ਤੇ-ਦਾਰੀ ।

ਫਿਰ ਉਪਰ ਜਾ ਕੇ
ਕੁਝ ਵਖਰੀਆਂ ਸ਼ਾਨਾਂ

ਕੁਝ ਦੇਖਾ ਦਾਖੀ
ਕੁਝ ਰੀਸਮ-ਰੀਸੀ

ਕਈ ਨਵੇਂ ਇਰਾਦੇ
ਤੇ ਖ਼ਿਆਲ ਮੁਬਾਰਕ
ਲੈ ਮਾਣ ਹੁਸਨ ਦਾ
ਨਿਤ ਲਿਸਕ-ਪੁਸ਼ਕ ਕੇ
ਚੋਖਾ ਸਜ ਧਜ ਕੇ
ਹਰ ਦਫਤਰ ਅੰਦਰ
ਪਿਆ ਤਰਲੇ ਕਢਦਾ
ਇਥੇ ਰੂਪ ਹੈ ਫਿਰਦਾ
ਵੜਿਆਂ ਦੀ ਗੈਰਤ
ਅੱਡੀਆਂ ਵਿਚ ਸਹਿਕੇ
ਆਪੇ ਤੋਂ ਬਗ਼ਾਵਤ
ਘਰ ਦੀ ਮਜ਼ਦੂਰੀ
ਭੁਖ, ਨੰਗ ਗਰੀਬੀ
ਦੀਦਾਂ ਦੀ ਨੁਮਾਇਸ਼
ਦਿਖਲਾਵਾ ਸ਼ੋਖੀ
ਬੇ-ਜਾਨ ਅਦਾਵਾਂ
ਕੋਝੇ ਤੇ ਫਰਜ਼ੀ
ਜਹੇ ਛਣਕਣ ਹਾਸੇ
ਮੇਰਾ ਚਿਹਰਾ ਤਕੋ
ਮੇਰੇ ਹੁਸਨ ਨੂੰ ਪਰਖੋ
ਕੁਰਬਾਨ ਹੈ ਸਭ ਕੁਛ
ਮੈਨੂੰ ਚਾਂਨਸ ਦੇਵੋ
ਜੀ ਫਿਲਮ 'ਚ ਲੈ ਲੋ
ਸਕਰੀਨ ਤੇ ਲੈ ਆਓ
ਕੁਝ ਜੀਭਾਂ ਆਖਣ
ਕੁਝ ਨਜ਼ਰਾਂ ਬੋਲਣ

ਇਕਰਾਰ ਵਫਾ ਦੇ
ਕੁਝ ਮਿਠੀਆਂ ਗਲਾਂ
ਤੇ ਪਿਆਰ ਦਿਲਾਸੇ
ਕਈ ਪਿਛਲੀਆਂ ਯਾਦਾਂ
ਕਈ ਅਗਲੇ ਵਾਹਦੇ
ਨਾ-ਕਾਮ ਤਸੱਲੀਆਂ
ਇਕ ਚਾਹ ਜਾਂ ਕਾਫੀ
ਦੀ ਪਿਆਲੀ ਵਿਚ ਹੀ
ਮਗਰੂਰ ਜਵਾਨੀ
ਮਜਬੂਰ ਸੁੰਦਰਤਾ
ਪਈ ਖਾਵੇ ਗੋਤੇ ।

ਦੋ ਟੁਟੇ ਭੱਜੇ
ਇਥੇ ਹੋਟਲ ਵੀ ਹਨ
ਜੀਹਨਾਂ ਵਿਚ ਜਾਪੇ
ਕੋਈ ਵਖਰੀ ਦੁਨੀਆਂ
ਝੁਰੜਾਏ ਚਿਹਰੇ
ਨਸ਼ਿਆਏ ਜੁਸੇ
ਅਧਮੀਟੀਆਂ ਅੱਖਾਂ
ਬੁਲ੍ਹਾਂ ਤੇ ਸਿਕਰੀ
ਹਰ ਮੇਜ਼ ਉਦਾਲੇ
ਬਦ-ਕਿਸਮਤ ਸ਼ਾਇਰ
ਬਕਵਾਸੀ ਰਾਈਟਰ
ਥੱਕੇ ਹੋਏ ਐਕਟਰ
ਨਾ ਕਾਮ ਡਾਇਰੈਕਟਰ
ਭੁਖੇ ਪ੍ਰੋਡੀਊਸਰ

ਟੁੱਟੇ ਫਾਈਨੈਂਨਸਰ
ਧੂੰਏਂ ਵਿਚ ਭੌਂਦੇ
ਹੈਰਾਨ-ਘਾਬਰੇ
ਵਾਲਾਂ ਦੇ ਕਾਫਲੇ
ਕਈ ਮਹਿਲ ਖਿਆਲੀ
ਬਣਦੇ ਤੇ ਢਹਿੰਦੇ
ਕੱਖਾਂ ਵਿਚ ਹੋਵਨ
ਲੱਖਾਂ ਦੀਆਂ ਗੱਲਾਂ
ਤੂੰ ਅਜ ਦਾ ਭਾਪੇ
ਸਿਰਤਾਜ ਲਿਖਾਰੀ
ਇਕ ਜੀਨੀਅਸ ਬੰਦਾ
ਤੇਰੀਆਂ ਨਹੀਂ ਰੀਸਾਂ
ਉਹ ਕੀ ਲਿਖਦਾ ਸੀ ?
ਜੀ ਚੋਰ ਸੀ ਉਹ ਤਾਂ
'ਔਹ' ਕਾਪੀ ਰਾਈਟਰ
ਉਹ 'ਚਰਬਾ ਸਿਸਟਮ'
ਸਭ 'ਮਸਕਾ ਪਾਲਿਸ਼'
ਸਭ 'ਬੰਡਲ-ਬਾਜ਼ੀ'
ਮੈਂ ਇਹ ਲਿਖਿਆ ਏ
ਮੈਂ ਔਹ ਲਿਖਿਆ ਏ
ਮੈਂ ਇਹ ਕਰ ਲੈਸਾਂ
ਮੈਂ ਔਹ ਕਰ ਦੇਸਾਂ
ਔਹ ਏਦਾਂ ਦੀ ਸੀ
ਇਹ ਔਦਾਂ ਦੀ ਏ
ਹਰ ਮੂੰਹ ਤੇ ਖੁਸ਼ਾਮਦ
ਹਰ ਪਿਠ ਤੇ ਨਿੰਦਾ

ਜੁਤੀਆਂ ਚਟਖਾਉਂਦੀ
ਫਿਰਦੀ ਝਖ ਬਾਜ਼ੀ
ਘੁੰਮਦੀ ਖ਼ੁਦ-ਦਾਰੀ

ਥਲੇ ਇਕ ਨ੍ਕਰੇ
ਹੈ ਫਿਲਮ-ਸਟੂਡੀਉ
ਹਰ ਸ਼ੂਟਿੰਗ ਪਿਛੋਂ
ਮਸ਼ਹੂਰੀ ਅਗੇ
ਧਨਵਾਨ ਦੇ ਸਿਜਦੇ
ਤੇ ਪਥਰਾਂ ਅਗੇ
ਇਖ਼ਲਾਕ ਦੇ ਰੋਣੇ
ਕਿਤੇ ਤਰਲੇ ਤੜਪਨ
ਕਿਤੇ ਝਿੜਕਾਂ ਸ਼ੂਕਣ
ਕਿਤੇ ਬਣਨ ਸਲਾਹਾਂ
ਦੌਲਤ ਕੰਗਾਲੀ
ਹਨ ਗੁੱਥਮ-ਗੁੱਥੀ
ਜ਼ਿੰਦਗੀ ਤੋਂ ਨਿਆਰਾ
ਜ਼ਿੰਦਗੀ ਦਾ ਏਥੇ
ਪਿਆ ਚੱਕਰ ਚਲਦੈ
ਜਿਥੇ ਹੋਸ਼ ਏ ਕੰਬਦੀ
ਸ਼ਰਮਾਏ ਜ਼ਲਾਲਤ ।
ਇਕ ਕੰਮ ਦੀ ਗੱਲ ਤਾਂ
ਮੈਂ ਭੁਲ ਹੀ ਗਿਆ ਸਾਂ
ਹੁਣ ਚੇਤੇ ਆ ਗਈ
ਕਿ ਫੇਮੁਸ ਅੰਦਰ
'ਦੋ ਹਾਲ' ਨੇ ਸੁੰਦਰ

ਜੋ ਸੁਤੀ ਕਿਸਮਤ
ਹੈ ਜਾਗਣ ਲਗਦੀ
ਜਿਸ ਸ਼ਕਲ ਤੇ ਦਾਤੇ
ਹੋ ਜਾਣ ਦਿਆਲੂ
ਉਹਨੂੰ ਦਾਅਵਤ ਦੇਂਦੇ
ਸੌ ਖਾਤਰ ਕਰਦੇ
ਕਿਸੇ 'ਹਾਲ' 'ਚ ਉਸਨੂੰ
ਕਈ ਨੰਗ ਮੁਨੰਗੀਆਂ
ਫਿਲਮਾਂ ਦਿਖਲੋਂਦੇ
ਉਹਦਾ 'ਮੂਡ ਬਦਲਦੇ'
ਕਈ ਕੰਜਕਾਂ ਤਕ ਕੇ
ਡਿਗ ਪੈਣ ਚਲਣ ਤੋਂ
ਤੇ ਉਸ ਤੋਂ ਪਿਛੋਂ
ਜਾ ਅਰਸ਼ੀ ਉਡਦੀਆਂ
ਜਾਂ ਜ਼ਹਿਰ ਲਭਦੀਆਂ ।

ਹੁਸ਼ਿਆਰ ਨੇ ਲੋਕੀਂ
ਮਜ਼ਬੂਤ ਨੇ ਕੰਧਾਂ
ਤੇ ਵਾਰੇ ਜਾਈਏ
ਬੰਦੇ ਦੀ ਜ਼ਾਤੋਂ
ਔਰਤ ਦੀ ਨਸਲੋਂ
ਤਹਿਜ਼ੀਬ ਹੈ ਜੰਮਦੀ
ਤਹਿਜ਼ੀਬ ਹੈ ਮਰਦੀ
ਇਕ ਮਾਰੂ-ਸਾਗਰ
ਜਿਹਦੀ ਸਤਹ ਬਰਾਬਰ
ਕਈ ਬੇੜੇ ਡੁਬਣ
ਕਈ ਛੱਲਾਂ ਉੱਨਣ
ਕਈ ਤਾਰੂ ਗਰਕਣ
ਕੋਈ ਭੇਤ ਨਾ ਖੋਲੇ
ਕੋਈ ਜੀਭ ਨਾ ਬੋਲੇ
ਕੋਈ ਚੀਖ ਨਾ ਨਿਕਲੇ
ਕੋਈ ਕੰਧ ਨਾ ਪਾਟੇ
ਕੋਈ ਛੱਤ ਨਾ ਥਿੜਕੇ
ਖਾਮੋਸ਼ ਖੜੀ ਹੈ
ਮਦ ਹੋਸ਼ ਖੜੀ ਹੈ
ਇਕ ਵੱਡੀ ਦੁਨੀਆਂ
ਬੁਕਲ ਵਿਚ ਲੈ ਕੇ
ਇਹ 'ਹੋਮੁਸ-ਬਿਲਡਿੰਗ ।

ਜਾ ਬੈਠਾ ਮੈਂ ਧੂਣੀ ਸੇਕਣ, ਪਿੰਡ ਦਾ ਗੇੜਾ ਲਾ ਕੇ।
ਪੇਂਡੂ ਯਾਰਾਂ ਉੱਠਣ ਦਿੱਤਾ, 'ਰਸ ਦੀ ਟਿੰਡ' ਪਿਲਾ ਕੇ।
ਸ਼ਹਿਰੋਂ ਆਏ ਕਵੀ 'ਉਪਾਸ਼ਕ' ਆਹੰਦੀ ਉਡ ਗਈ ਮੈਨਾ।
ਇਹ ਪਿੰਡਾਂ ਦਾ ਸਾਦਾ ਜੀਵਨ, ਸ਼ਹਿਰਾਂ ਦੇ ਵਿਚ ਹੈ-ਨਾ।

ਐਕਸਟਰਾ ਗਰਲ

'ਰਾਜ' ਉਹ ਗੱਲਾ ਭੁਲ ਚੁਕੀ ਏ :

ਖ਼ਾਲੀ ਨੇ ਅਜ ਚਾਰੇ ਕੰਨੀਆਂ
ਫਿਰ ਵੀ ਕਦੇ ਕਦਾਈਂ ਇਸ ਦੇ
ਸੜ ਕੇ ਰਾਖ ਹੋਏ ਖਾਬਾਂ ਦੀ
ਖੰਡਰ ਹੋਈ ਨਗਰੀ ਦੇ ਵਿਚ
ਕਦੇ ਕਦਾਈਂ ਆ ਜਾਂਦੀ ਏ
ਵਾਂਗ ਸਚਾਈ ਲਿਸ਼ ਲਿਸ਼ ਕਰਦੀ
ਪਾਕ ਪਵਿਤਰ ਦੇਵੀ ਕੋਈ
ਧੁੰਦਲੀ ਜਹੀ ਬੀਤੇ ਦੀ ਝਾਕੀ
ਤਕ ਕੇ ਇਸ ਨੂੰ ਕਾਂਬਾ ਛਿੜਦੈ
ਯਾਦ-ਝਰੋਖੇ ਅੰਦਰ ਬਹਿ ਕੇ
ਭੁਲ ਕੇ ਜਦੋਂ ਪਿਛਾਂਹ ਵਲ ਵੇਖੇ
ਇਕ ਅੰਮੜੀ ਦੀ ਸੁਖਾਂ ਲਧੀ
ਤੇ ਬਾਬਲ ਦੀ ਲਾਡਾਂ ਪਾਲੀ
ਪੰਜ ਭਰਾ ਸਨ ਕੜੀਆਂ ਵਰਗੇ
ਇਜ਼ਤਾਂ ਵਾਲਾ ਜਥਿਆਂ ਵਾਲਾ

ਖਾਨਦਾਨ ਜਾਗੀਰਾਂ ਵਾਲਾ
ਐਡੇ ਟੱਬਰ ਵਿਚ ਇਕ ਕੰਜਕ
ਪਲਕਾਂ ਦੀਆਂ ਛਾਵਾਂ ਦੇ ਥੱਲੇ
ਗਰੁਤ ਸਿਗਾ ਹਰ ਪਾਸੇ ਜਿਸ ਦਾ
'ਰਾਜ' ਉਹ ਗੱਲਾਂ ਭੁਲ ਚੁਕੀ ਏ ।

ਗੰਗਾ ਜਲ ਤੋਂ ਵਧ ਕੇ ਨਿਰਮਲ
ਨਿਰਛਲ ਤੇ ਅਨਭੋਲ ਜਿਹਾ ਦਿਲ
ਜਿਸ ਵਿਚ ਹੈ ਸਨ ਕਈ ਉਮੰਗਾਂ
ਲੱਖਾਂ ਚਾਉ ਬਿ-ਓੜਕ ਸੱਧਰਾਂ
ਅਣ-ਡਿੱਠੀ ਦੁਨੀਆਂ ਦੇ ਨਕਸ਼ੇ
ਅਣ ਮਾਣੇ ਚਾਵਾਂ ਦੇ ਝਉਲੇ
ਬਚਪਨ ਨੂੰ ਜੋਬਨ ਨੇ ਆਪਣੀ
ਗਲਵਕੱੜੀ ਦੇ ਅੰਦਰ ਲੈ ਕੇ
ਅੰਤ ਵੇਰ ਦਾ ਚੁੰਮਣ ਦਿਤਾ
ਉਹ ਵੇਲਾ ਵੀ ਆਇਆ, ਸਦ ਕਿ
ਨੈਣਾਂ ਨੇ ਨੈਣਾਂ ਨੂੰ ਤਕਿਆ
ਦਿਲ ਨੇ ਦਿਲ ਨੂੰ ਡੋਰਾਂ ਪਾਈਆਂ
ਦੋਹੰ ਸਾਹਾਂ ਚੋਂ ਇਕ ਸੁਰ ਗੂੰਜੀ
ਇਕ ਪਾਸੇ ਗੀਤਾਂ ਦੀ ਮਲਕਾ
ਹੁਸਨ ਜੀਹਦਾ ਪ੍ਰਵਾਜ਼ ਅਕਲ ਦੀ
ਦੂਜੇ ਪਾਸੇ 'ਜਿੰਨ' ਹਵੱਸ ਦਾ
ਜਿਉਂ ਘੁੱਗੀ ਨੂੰ ਬਾਜ਼ ਮਰੁੱਛ ਲਏ
'ਰਾਜ' ਵਿਚਾਰੀ ਨੇ ਸੀ ਇਕ ਦਿਨ
ਪਿਆਰ ਦੇ ਅੰਦਰ ਅੰਨ੍ਹੀਂ ਹੋ ਕੇ
ਏਸ ਤਰ੍ਹਾਂ ਖ਼ੁਦ-ਕੁਸ਼ੀ ਕਰ ਲਈ
'ਰਾਜ' ਉਹ ਗੱਲਾਂ ਭੁਲ ਚੁਕੀ ਏ ।

ਫਿਰ ਕੀ ਹੋਇਆ ਕਿਕੂੰ ਹੋਇਆ ?
ਉਹ ਵੀ ਹੈ ਇਕ ਸੁਪਨੇ ਵਾਂਗੂੰ
'ਕਮਲ-ਦੇਵ' ਦਾ ਹੇਕਾਂ ਲਾ ਲਾ
ਰੂਪ ਇਹਦੇ ਦੀਆਂ ਸਿਫਤਾਂ ਕਰਨਾ
ਵਾਹ ਜ਼ੁਲਫਾਂ ਦੀਆਂ ਘੋਰ ਘਟਾਵਾਂ
ਸਾਹਾਂ ਵਿਚ ਘੁਲੀਆਂ ਖੁਸ਼ਬੋਆਂ
ਦਿਲ ਮੰਦਰ ਦੇ ਇਹ 'ਦੋ-ਗੁੰਬਦ'
ਜੀਹਨਾਂ ਅੰਦਰ ਬੈਠ ਮੇਰਾ ਮਨ
ਫੇਰੇ ਤੇਰੇ ਪ੍ਰੇਮ ਦੀ ਮਾਲਾ
ਤੂੰ ਹੈਂ ਨਵੀਂ ਬਹਾਰ ਦੀ ਰਾਣੀ
ਮਹਿਕ ਰਹੇ ਪਿਆਰੇ ਫੁੱਲਾਂ ਦਾ
ਤੁਰਦਾ ਫਿਰਦਾ ਤੂੰ ਗੁਲਦਸਤਾ
ਰੰਗ ਬਰੰਗੀ ਚੰਚਲ ਤਿਤਲੀ
ਤੇਰੇ ਜਹੀ ਨਾ ਸੋਹਣੀ ਕੋਈ
ਤੇਰੇ ਜਹੀ ਨਾ ਹੋਣੀ ਕੋਈ
ਪਰ ਇਹ ਹੁਸਨ ਜੁਆਨੀ ਕਿਸ ਕੰਮ ?
ਸ਼ਕਲ ਤੇਰੀ ਨੂੰ ਪਈ ਉਡੀਕੇ
ਚੰਨੀਏਂ ਅਜ ਦੀ ਫਿਲਮੀਂ ਦੁਨੀਆਂ
ਕੀ ਏ 'ਨਰਗਿਸ' ਸੜੀ 'ਸੁਰੱਈਆ' ?
ਛਾ ਜਾਵੇਂਗੀ ਹਰ ਪਾਸੇ ਤੂੰ
ਦੂਜੀ ਵੇਰ ਉਹ ਇੰਵ ਖਿੜਕੀ ਸੀ

'ਰਾਜ' ਉਹ ਗੱਲਾਂ ਭੁਲ ਚੁਕੀ ਏ ।

ਟਿਕੀ ਹੋਈ ਸੀ ਰਾਤ ਹਨੇਰੀ
ਉਠੀ 'ਰਾਜ' ਪਲੰਘ ਦੇ ਉਤੋਂ
ਘਰ ਦੀ ਪੂੰਜੀ ਮਾਰ ਕੇ ਕੱਢ

ਵੀਰਾਂ ਦੀਆਂ ਹਿੱਕਾਂ ਤੋਂ ਲੰਘਦੀ
ਪਿਉ ਦੀ ਪੱਗ ਨੂੰ ਮਿਧਦੀ ਹੋਈ
ਮਾਂ ਦੀ ਮਮਤਾ ਦਾ ਗਲ ਘੁੱਟ ਕੇ
ਪੋਲੇ ਪੈਰੀਂ ਪੱਬਾਂ ਪਰਨੇ
ਲੰਘ ਕੇ ਤੇ ਡਿਉੜ੍ਹੀ ਦੀ ਸਰਦਲ
ਪੁਜ ਗਈ ਪਿੰਡ ਦੇ ਬਾਹਰ-ਵਾਰ
ਬੁੱਢੇ ਜਹ ਇਕ ਬੋਹੜ ਦੇ ਥੱਲਿਉਂ
ਦ ਪਰਛਾਵੇਂ ਮਿਲ ਕੇ ਤੁਰ ਪਏ
'ਦਾਦੀਆਂ' ਵਰਗੀਆਂ ਪਿੰਡ ਦੀਆਂ ਗਲੀਆਂ
ਵਾਂਗ ਬਜ਼ੁਰਗਾਂ ਪਿੰਡ ਦੇ ਰੁੱਖ
ਬਾਬਿਆਂ ਵਰਗੇ ਪਿੰਡ ਦੇ ਖੂਹ
ਮਾਪਿਆਂ ਵਾਂਗੂੰ ਪਿੰਡ ਦੇ ਖੇਤ
ਅਜ਼ਲ ਦੇ ਸੁਪਨਿਆਂ ਵਰਗੇ ਤਾਰੇ
ਸਾਰੇ ਵਿਟ ਵਿਟ ਵਿਹੰਦੇ ਗਏ
ਕੋਈ ਮੂੰਹੋਂ ਬੋਲ ਨਾ ਸਕਿਆ
ਡੰਡੀਉਂ ਡੰਡੀ ਸੜਕੋ ਸੜਕੀ
ਦੋਵੇਂ ਅੰਮ੍ਰਿਤਸਰ ਸਟੇਸ਼ਨ ਤੋਂ
ਬੈਠੇ ਸਨ ਬੰਬਈ ਦੀ ਗੱਡੀ

'ਰਾਜ' ਉਹ ਗੱਲਾਂ ਭੁਲ ਚੁਕੀ ਏ।

ਦੋਹਾਂ ਨੇ ਬੰਬਈ ਚ' ਪੁਜਣਾ
ਟਿਕ ਜਾਣਾ ਇਕ ਹੋਟਲ ਅੰਦਰ
'ਕਮਲ-ਦੇਵ' ਦੇ ਨਾਲ 'ਰਾਜ' ਨੇ
ਤਕਣੇ ਕਈ ਫਿਲਮਾਂ ਦੇ ਦਫ਼ਤਰ
ਇਹ ਸਪਾਲਾਇਰ ਉਹ ਡਾਇਰੈਕਟਰ
ਔਹ ਹੀਰੋ ਤੇ ਇਹ ਫਾਈਨੈਨਸਰ

'ਰਾਜ' ਨੇ ਦਿਨ 'ਚ ਕਈ ਕਈ ਵਾਰੀ
ਟੇਬਲ-ਟਾਕ ਤੇ ਗੱਲੋਂ-ਗਲੀਂ
ਫਿਲਮਾਂ ਦੀ 'ਹੀਰੋਇਨ' ਬਣਨਾ
ਇਕ ਵਾਰ ਦੀ ਗਲ ਹੈ ਜਦ ਕਿ
'ਕਮਲ-ਦੇਵ' ਦੇ ਨਾਲ ਰਾਤ ਨੂੰ
ਓਪਰਾ ਜਿਹਾ ਇਕ ਬੰਦਾ ਆਇਆ
ਦੋਹਾਂ ਨੇ ਸੀ ਪੀਤੀ ਹੋਈ
'ਕਮਲ-ਦੇਵ' ਨੇ ਕਿਹਾ 'ਰਾਜ' ਜੀ
ਆਪ ਹੈਨ ਅਮਕੇ ਪ੍ਰੋਡੀਊਸਰ
ਚਾ ਦੇ ਅੰਦਰ ਮਤੀ ਹੋਈ ਨੇ
ਖਾਧਾ ਸੀ ਉਹ ਤੀਜਾ ਠੇਡਾ
ਜਾਗੀ ਸੀ ਉਹ ਜਦੋਂ ਸਵੇਰੇ
ਆਸ਼ਕ ਤੇ ਪ੍ਰੋਡੀਊਸਰ ਗ਼ਾਇਬ
ਸੂਟ-ਕੇਸ ਨੂੰ ਖਾਲੀ ਤਕ ਕੇ
ਨਵੇਂ ਰਾਹ ਨੈਣਾਂ ਵਿਚ ਵਿਛ ਗਏ

'ਰਾਜ' ਉਹ ਗੱਲਾਂ ਭੁਲ ਚੁਕੀ ਏ ।

ਇਹਨੇ ਫੇਰ ਮੈਨੇਜਰ ਰਾਹੀਂ
ਸਭਿਅਕ ਤੌਰ ਤੇ ਵੇਸਵਾ ਬਣਨਾ
ਕੁਝ ਚੰਗੇ ਬੰਦਿਆਂ ਦਾ ਸਦਕਾ
ਫਿਲਮਾਂ ਅੰਦਰ ਰੋਲ ਵੀ ਮਿਲਨੇ
ਤਨ ਇਹਦੇ ਦੇ ਰੋਮ ਰੋਮ ਚੋਂ
ਅੱਯਾਸ਼ੀ ਦੇ ਸ਼ੋਅਲੇ ਉਠਣੇ
ਬੇ-ਓੜਕ ਹੰਝੂਆਂ ਨੂੰ ਪੀ ਪੀ
ਦਿਨ ਵਿਚ ਕਈ ਕਈ ਵਾਰੀ ਵਿਕਣਾ
ਹੀਰੋਇਨ ਦੇ ਲਾਰਿਆਂ ਅੰਦਰ

ਗਿਰਗਿਟ ਵਾਂਗੂੰ ਰੰਗ ਬਦਲਨੇ
ਵਫਾਦਾਰ ਬੰਦੇ ਠੁਕਰੌਣੇਂ
ਅੱਖਾਂ ਅੱਗੇ ਪਟੀ ਬੰਨ੍ਹ ਕੇ
ਕਈਆਂ ਨੂੰ ਖੁਸ਼ ਕਰਨਾ ਪੈਣਾ
ਖੁਦਗਰਜ਼ੀ ਦਾ ਮਹੁਰਾ ਖਾ ਖਾ
ਪੱਥਰ ਚੱਟਣੇ ਮੁੜ ਨਾ ਸਕਣਾ
ਅਸਮਤ ਵੇਚ ਤਜਰਬੇ ਲੈ ਕੇ
ਉਠਣਾ, ਡਿਗ ਪੈਣਾ, ਮੁੜ ਉਠਣਾ
ਕਿਸੇ ਤਾਂਘ ਵਿਚ ਅਗੇ ਤੁਰਣਾ
ਟੈਕਸੀ ਬਣ ਕੇ ਟੈਕਸੀਆਂ ਅੰਦਰ
ਸੁਪਨੇ ਦੇਣੇ, ਸੁਪਨੇ ਲੈਣੇ
ਮਿੰਟਾਂ ਵਿਚ ਕਈ ਬਿਖੜੇ ਪੈਂਡੇ
ਮੋੜ ਮੋੜ ਤੇ ਸੌ ਸੌ ਮੰਜ਼ਿਲ
ਜ਼ਿੰਦਗੀ ਮੁੜ ਉਥੇ ਦੀ ਉਥੇ

'ਰਾਜ' ਉਹ ਗੱਲਾਂ ਭੁਲ ਚੁਕੀ ਏ।

ਤਾਜਮਹਲ ਹੋਟਲ ਤੋਂ ਲੈ ਕੇ
ਘੁੰਮ-ਘੁਮਾ ਕੇ ਵੇਖ ਲਏ ਕਈ
ਈਰਾਨੀ ਮੈਂਗਲੌਰੀ ਹੋਟਲ
ਮਾਲਾ-ਬਾਰ ਦੇ ਬੰਚ ਤੇ ਇਕ ਦਿਨ
ਨੀਵੀਂ ਪਾ ਇਉਂ ਸੋਚਣ ਲੱਗੀ
ਕਿਉਂ ਨਾ ਹੁਣ ਮੈਂ ਕਿਸੇ ਦੀ ਹੋ ਜਾਂ ?
ਕੋਈ ਗੁਰਦੇ ਵਾਲਾ ਬੰਦਾ
ਚਟ ਲਏ ਮੇਰੇ ਕਲੰਕ ਦਾ ਟਿਕਾ
ਜਿਸ ਨੂੰ ਰਜ ਕੇ ਪਿਆਰ ਕਰਾਂ ਮੈਂ
ਜਿਹੜਾ ਮੈਨੂੰ ਜ਼ਿੰਦਗੀ ਬਖਸ਼ੇ

ਜਾਂ ਫਿਰ ਪਿੰਡ ਨੂੰ ਚਿਠੀ ਪਾ ਦਿਆਂ
ਬਾਪੂ ਮੈਨੂੰ ਆਣ ਕੇ ਲੈ ਜਾ !
ਮਾਏ ਧੀ ਦੀ ਸੰਘੀ ਘੁਟ ਜਾ !!
ਵੀਰਾ ਮੈਨੂੰ ਵੱਢਕੇ ਦਬ ਜਾ ?
ਏਨੇ ਨੂੰ ਉਹਦਾ ਸਪਲਾਇਰ
ਕਾਂਨਟਰੈਕਟ ਇਕ ਲੈ ਕੇ ਆਇਆ
ਚਮਕ ਰਿਹਾ ਇਕ ਨੂਰੀ ਚਿਹਰਾ
ਹਨੇਰੇ ਵਿਚ ਅਲੋਪ ਹੋ ਗਿਆ
ਓਹੀਓ, ਫੇਰ ਪੁਰਾਣਾ ਚੱਕਰ
ਵਖਤਾਂ ਮਾਰੀ ਜ਼ਖਮੀਂ ਔਰਤ
ਉਠ ਕੇ ਉਹਦੇ ਨਾਲ ਤੁਰ ਪਈ
ਕੀ ਤੇ ਕੀ ਕਝ ਸੋਚ ਰਹੀ ਸੀ

'ਰਾਜ' ਉਹ ਗੱਲਾਂ ਭੁਲ ਚੁਕੀ ਏ ।

ਦਿਨ ਢਲਿਆ ਤਰਕਾਲਾਂ ਪਈਆਂ
ਇਹਦੇ ਭਾ ਦਾ ਹੋਇਆ ਸਵੇਰਾ
ਬੈਠ ਡਰੈਸਿੰਗ-ਟੇਬਲ ਅਗੇ
ਝੁਰੜੀਆਂ ਉਤੇ ਪੋਚਾ ਪਾਇਆ
ਖੁੰਢੀਆਂ ਤੇਗ਼ਾਂ ਸਾਣੇਂ ਲਾਈਆਂ
ਪਲਕਾਂ ਦੇ ਭੰਵਰੇ ਬਿਠਲਾਏ
ਕੰਨਾਂ ਵਿਚ ਬਿਛੂਏ ਲਟਕਾਏ
ਨਾਗਾਂ ਨੂੰ ਕੁਝ ਜ਼ਹਿਰ ਪਿਲਾਇਆ
ਸ਼ੀਸ਼ੇ ਅੰਦਰ ਉਹਦਾ ਚਿਹਰਾ
'ਨਿਮੀਂ' 'ਸ਼ਮੀਂ' 'ਕੁਕੂ' ਬਣਿਆ
ਫਿਰ ਉਸ ਨੂੰ ਕੁਝ ਐਦਾਂ ਲੱਗਾ
ਸ਼ਮਾਂ ਵਾਂਗ ਉਹ ਸੜਦੀ ਪਈ ਏ

ਬੇ-ਓੜਕ ਇਨਸਾਨੀ ਢਾਂਚੇ
ਆਲ-ਦੁਆਲੇ ਉਡਦੇ ਜਾਪੇ
ਟਿਡੀ-ਦਲ ਦੇ ਵਾਂਗੂੰ ਦਿਸੀਆਂ
ਆਪਣੀਆਂ ਬਦ-ਕਿਸਮਤ ਭੈਣਾਂ
ਪੈਂਟਾਂ ਪਾਈਂ ਪਟ ਖਿਲਾਰੀ
ਮੂੰਹਾਂ ਚੋਂ ਧੂੰਏਂ ਦੇ ਬਦਲ
ਉਠੀ ਤੇ ਸੋਫੇ ਤੇ ਡਿਗ ਪਈ
ਪੁਟੀ ਹੋਈ ਟਾਹਣੀ ਦੇ ਵਾਂਗੂੰ
ਕਿਸ ਨੂੰ ਮਿਲਨਾ ਕਿਥੇ ਸ਼ੂਟਿੰਗ ?
ਕੀ ਕਰਨਾ ਤੇ ਕੀ ਨਹੀਂ ਕਰਨਾ ?

'ਰਾਜ' ਉਹ ਗੱਲਾਂ ਭੁਲ ਚੁਕੀ ਏ ।

ਉਮਰ ਅਜੇ ਵੀਹਾਂ ਤੋਂ ਥੱਲੇ
ਘੁਟੀ ਹੋਈ ਇਕ ਫਾਫਾਂ ਲੱਗੇ
ਅੱਖੀਆਂ ਦੇ ਟੋਇਆਂ ਵਿਚ ਬਹਿ ਕੇ
ਹੂਰਾਂ, ਇਹਦਾ ਕਰਨ ਸਿਆਪਾ
ਇਹਦੇ ਇਕ ਇਕ ਅੰਗ ਦੇ ਵਿਚੋਂ
ਤਰ੍ਹਾਂ ਤਰ੍ਹਾ ਦੀਆਂ ਸ਼ਕਲਾਂ ਦਿਸਣ
ਡਾਇਣ ਜਿਹਾ ਭਿਆਨਕ ਚਿਹਰਾ
ਕਦੀ ਕਦੀ ਮਾਸੂਮ ਬਣ ਜਾਏ
'ਫੇਮ੍ਹਸ' ਤੇ 'ਅੰਧੇਰੀ' ਜਾ ਜਾ
ਟਕੇ ਟਕੇ ਦੇ ਬੰਦਿਆਂ ਨੂੰ ਪਈ
ਝੁਕ ਝੁਕ ਕੇ ਨਿਤ ਕਰੇ ਸਲਾਮਾਂ
ਨੱਕ ਚੜ੍ਹਾਵਣ ਕਦਰ-ਦਾਨ ਉਹ
ਨਵੇਂ ਨਵੇਂ ਹੁਸ਼ਨਾਂ ਤੇ ਰੀਝਣ
ਮਗਰੂਰੀ ਦੀਆਂ ਤਲੀਆਂ ਚਟ ਚਟ

ਘਟੀਆ, ਘਟੀਆ, ਐਕਟਿੰਗ ਕਰ ਕਰ
ਦੇਂਦੀ ਏ ਦੋਜ਼ਖ਼ ਨੂੰ ਧੋਖਾ
ਖਾ ਕੇ ਜ਼ਹਿਰ ਜਾਂ ਪਾਗਲ ਹੋ ਕੇ
ਆਖਿਰ ਇਕ ਦਿਨ ਮਰ ਜਾਏਗੀ
ਕਿਥੇ ਸੀ ਤੇ ਕਿਥੇ ਪੁਜ ਗਈ ?
ਕੀ ਬਣਨਾ ਸੀ, ਕੀ ਬਣ ਗਈ ਇਹ
ਖਾ ਬੈਠੀ ਏ ਕਿਤਨੇ ਠੇਡੇ ?

'ਰਾਜ' ਉਹ ਗੱਲਾਂ ਭੁਲ ਚੁਕੀ ਏ ।

ਪਾਸ਼ੋ ਜੁਆਨ ਹੋ ਗਈ

ਪਾਸ਼ੋ ਜੁਆਨ ਹੋ ਗਈ ਪਾਸ਼ੋ ਜੁਆਨ ਹੋ ਗਈ
ਛੱਮਕ ਸੀ ਪਤਲੀ ਜਹੀ ਤਣ ਕੇ ਕਮਾਨ ਹੋ ਗਈ
ਜਿਉਂ ਪੋਹ ਮਾਘ ਵਿਚ ਕਦੇ ਬਰਸਾਤ ਦੀ ਲੱਗੇ ਝੜੀ
ਜਿਉਂ ਪਰਬੱਤਾਂ ਨੂੰ ਚੀਰਦੀ ਤੇ ਪਾੜਦੀ ਜਾਵੇ ਨਦੀ
ਅੰਮ੍ਰਿਤ ਦੇ ਸੋਮਿਆਂ ਚੋਂ ਜਿਵੇਂ ਕੜਕ ਪਏ ਬਿਜਲੀ ਜਹੀ
ਚੁੱਪ ਚਾਪ ਵਸਦਿਆਂ 'ਚ ਜਿਵੇਂ ਆ ਜਾਏ ਪਰਲੋ ਕੋਈ
ਚਾਣ ਚੱਕ ਇਸ ਤਰ੍ਹਾਂ ਦੁਨੀਆਂ ਹੈਰਾਨ ਹੋ ਗਈ
ਪਾਸ਼ੋ ਜੁਆਨ ਹੋ ਗਈ ਪਾਸ਼ੋ ਜੁਆਨ ਹੋ ਗਈ

ਕਲ੍ਹ ਸੀ ਨਿੱਕੀ ਜਹੀ ਗੁੱਡੀਆਂ ਪਟੋਲੇ ਖੇਡਦੀ
ਵੇਖਦਿਆਂ ਵੇਖਦਿਆਂ ਬਦਲ ਗਏ ਰੰਗ ਨੇ
ਪੱਥਰ ਜਿਹੀ ਚੋਂ ਪੁੰਗਰੇ ਨਵੇਂ ਨਰੋਏ ਅੰਗ ਨੇ
ਬੇ-ਜਾਨ ਮੂਰਤੀ ਦੇ ਵਿਚ ਉਮੰਗ ਵੀ ਹੈ ਆ ਗਈ
ਲਾਡੋ ਜਹੀ ਵਿਚ ਪੁਜ ਕੇ ਹੁਣ ਸੰਗ ਵੀ ਹੈ ਆ ਗਈ
ਤਰੰਗ ਵੀ ਹੈ ਆ ਗਈ
ਲਹਿਰ ਸੀ ਨਿੱਕੀ ਜਹੀ ਲੋ ਅਜ ਤੁਫਾਨ ਹੋ ਗਈ
ਪਾਸ਼ੋ ਜੁਆਨ ਹੋ ਗਈ ਪਾਸ਼ੋ ਜੁਆਨ ਹੋ ਗਈ

ਚਿਹਰੇ ਦੀ ਚਮਕ ਬਦਲ ਗਈ ਨੈਣਾਂ ਦੀ ਦਮਕ ਬਦਲ ਗਈ
ਅੰਗਾਂ ਦੇ ਵਿਚ ਸ਼ਰਾਰਤਾਂ ਗੱਲਾਂ ਦੇ ਵਿਚ ਬੁਝਾਰਤਾਂ
ਲਾਸਾਂ ਜਿਗਰ ਤੇ ਪਾ ਦਏ ਗੁੱਤ ਨਾਗ ਝੰਬਣੀ
ਅੱਡੀ ਦੇ ਹੇਠ ਆਵੰਦੀ ਧਰਤੀ ਨੂੰ ਕੰਬਣੀ
ਤੌਬਾਂ ਨੂੰ ਔਣ ਤਰੇਲੀਆਂ ਇਖ਼ਲਾਕ ਖਿੜਕਦਾ
ਪੂਜਾ ਤੇ ਪਾਠ ਅਕਲ ਦਾ ਤੋੜਾ ਈ ਤਿੜਕਦਾ
ਕਈਆਂ ਦੀ ਮੌਤ ਬਣ ਗਈ ਕਈਆਂ ਦੀ ਜਾਨ ਹੋ ਗਈ
ਪਾਸ਼ੋ ਜੁਆਨ ਹੋ ਗਈ ਪਾਸ਼ੋ ਜੁਆਨ ਹੋ ਗਈ

ਫਿਰਦੇ ਕਈ ਬਦੋ ਬਦੀ ਰਾਂਝੇ ਹੁਸਨ ਦੇ ਬਣਨ ਨੂੰ
ਕੈਦੋ ਜਹੇ ਕਈ ਜੰਮ ਪਏ ਲਾਂਝੇ ਹੁਸਨ ਦੇ ਬਣਨ ਨੂੰ
ਬਾਗਾਂ 'ਚ ਕੋਇਲ ਕੂਕ ਪਈ ਬੋਲੇ 'ਚ ਮੋਰ ਬੋਲ ਪਏ
ਖ਼ਿਆਲਾਂ ਨੇ ਲਈਆਂ ਆਕੜਾਂ ਹਿੱਕਾਂ ਚੋਂ ਚੋਰ ਬੋਲ ਪਏ
ਗਲੀਆਂ ਬੇ ਚੈਨ ਹੋ ਗਈਆਂ ਖੂਹ ਨੂੰ ਭੁਚਾਲ ਆ ਰਹੇ
ਖੰਗਾਂ ਘਗੂੰਰੇ ਜਾਗ ਪਏ ਮੁਰਦੇ ਵੀ ਗੁਨ ਗਨਾ ਰਹੇ
ਹਾਸਾ ਹਿਰਸ ਨੇ ਹਸਿਆ ਕੀਨੇ ਨੇ ਕੁਫਰ ਤੋਲਿਆ
ਟਾਹਰਾਂ ਰਕੀਬ ਮਾਰੀਆਂ ਬਹਿ ਕੇ ਕਿਸੇ ਨੇ ਰੋ ਲਿਆ
ਆਪੇ ਗੁਨਾਹ ਬਣ ਗਈ ਖ਼ੁਦ ਹੀ ਬਿਆਨ ਹੋ ਗਈ
ਪਾਸ਼ੋ ਜੁਆਨ ਹੋ ਗਈ ਪਾਸ਼ੋ ਜੁਆਨ ਹੋ ਗਈ

ਹੱਟੀਆਂ ਤੇ ਭੱਠੀਆਂ ਤੇ ਜੁੜਦੀਆਂ ਜਦ ਢਾਣੀਆਂ
ਪਾਸ਼ੋ ਦੇ ਗੀਤ ਗੂੰਜਦੇ ਪਾਸ਼ੋ ਦੀਆਂ ਕਹਾਣੀਆਂ
ਧਰਮੇ ਲਈ ਨਿਰਾ ਪੁਰਾ ਪਿਆਰ ਬਣ ਗਈ
ਕਈਆਂ ਲਈ ਐਵੇਂ ਕਿਵੇਂ ਆਜ਼ਾਰ ਬਣ ਗਈ
ਯਾਰਾਂ ਦੀ ਖਾਰ ਜਾਗ ਪਈ ਮਾਰਨ ਮਰਨ ਤੇ ਤੁਲ ਗਏ
ਕਈਆਂ ਦੇ ਘਾਣ ਹੋ ਗਏ ਕਈਆਂ ਦੇ ਖੱਪੇ ਖੁਲ੍ਹ ਗਏ
ਲੋਕਾਂ ਕਿਹਾ ਮੁੜ ਜੰਮ ਪਈ ਸੋਹਣੀ ਪੰਜਾਬ ਦੀ
ਕੋਈ ਭਾਗਾਂ ਵਾਲਾ ਪਾਊ ਇਹ ਬੋਤਲ ਸ਼ਰਾਬ ਦੀ

ਮਲਕਾ ਹੁਸਨ ਦੀ ਇਸ਼ਕ ਤੇ ਅਜ ਹੁਕਮਰਾਨ ਹੋ ਗਈ
ਪਾਸ਼ੋ ਜੁਆਨ ਹੋ ਗਈ ਪਾਸ਼ੋ ਜੁਆਨ ਹੋ ਗਈ

ਪੱਗਾਂ 'ਚ ਖੁਰਕ ਛਿੜ ਪਈ ਪੰਚਾਂ ਨੂੰ ਫਿਕਰ ਪੈ ਗਿਆ
ਅਖਾਂ ਦਾ ਲਹੂ ਤੜਪਿਆ ਆਸ਼ਾਂ ਦਾ ਮਹਿਲ ਢੈ ਗਿਆ
ਹੁੰਦਿਆਂ ਕਰਦਿਆਂ ਐਸੀ ਵੀ ਸੰਝ ਆ ਗਈ
ਮੁੰਡਿਆਂ ਨੇ ਢਾਹੀਂ ਮਾਰੀਆਂ ਪਾਸ਼ੋ ਦੀ ਜੰਞ ਆ ਗਈ
ਸਾਰੇ ਹੀ ਠੰਢ ਪੈ ਗਈ ਪਾਸ਼ੋ ਵਿਆਹੀ ਗਈ ਜਾਂ
ਖੁਲ੍ਹਾਂ ਦੀ ਚਿੜੀ ਗ੍ਰਸੱਥ ਦੀ ਫਾਹੀ ਵਿਚ ਫਾਹੀ ਗਈ ਜਾਂ
ਬਾਬਲ ਨੇ ਡੋਲੀ ਪਾ ਦਿੱਤੀ ਪਾਸ਼ੋ ਦੇ ਵਹਿਣ ਨੈਣ ਓਏ
ਲੋਕਾਂ ਦੇ ਚਿਹਰੇ ਸੁੱਕ ਗਏ ਆਸ਼ਿਕ ਨੂੰ ਗਸ਼ਾਂ ਪੈਣ ਓਏ
ਸਾਰਿਆਂ ਦੀ ਸਾਂਝੀ ਜਹੀ ਇਕ ਦਾਸਤਾਨ ਹੋ ਗਈ
ਪਾਸ਼ੋ ਜੁਆਨ ਹੋ ਗਈ ਪਾਸ਼ੋ ਜੁਆਨ ਹੋ ਗਈ

ਸੱਸੀ

ਸੀਨੇ ਮਾਰ ਦੁਹੱਥੜ 'ਸੱਸੀ', ਰੋਈ ਤੇ ਕੁਰਲਾਈ।
ਚਾ ਕੁਵਾਰੇ ਘਾਇਲ ਕਰ ਕੇ, ਤੁਰ ਗਏ 'ਹੌਤ' ਕਸਾਈ।

ਨੈਨ-ਮਮੋਲੇ ਪੁੰਨੂੰ ਟੋਲਣ, ਵਹਿਸ਼ਤ ਚੱਪੇ ਚੱਪੇ।
ਬੱਧੇ ਹੋਏ ਸ਼ਗਨਾਂ ਦੇ ਗਾਨੇ, ਜਾਪਣ ਸੱਪ ਖੜੱਪੇ।

ਦੋਸ਼ ਕਿਸੇ ਦਾ ਕਾਹਦਾ ਵਗੀਆਂ, ਪੁਠੀਆਂ ਧੁਰੋਂ ਲਕੀਰਾਂ।
ਤੱਤੜੀ ਨੇ ਅੱਖ ਕਾਹਦੀ ਲਾਈ ? ਸੌਂ ਗਈਆਂ ਤਕਦੀਰਾਂ।

"ਕਿੱਧਰ ਮੇਰਾ ਮਾਹੀ ਖੜਿਆ, ਬੋਲ ਸੌਂਕਣੇ ਵਾਏ।
ਰੱਬ ਕਰੇ ਉਹ ਮੇਰੇ ਵਾਂਗੂੰ, ਤੈਨੂੰ ਵੀ ਛੱਡ ਜਾਏ।"

ਕਰਮਾਂ ਵਾਲੀ ਧੀ ਦਿਆ ਬਾਬਲ, ਆ ਲਾਡੋ ਦੀਏ ਮਾਏ।
ਪਿੰਜਰਾ ਚਲਿਆ ਪੰਛੀ ਵਲ ਨੂੰ, ਕੌਣ ਭਲਾ ਅਟਕਾਏ !"

"ਲਾੜਾ ਮੇਰਾ ਪਿਆ ਉਡੀਕੇ, ਨਾ ਪਏ ਬੰਨ੍ਹ ਬਿਠਾਵੋ।
ਕਫਨ ਬਣਾ ਕੇ ਸੂਹਾ-ਸਾਲੂ, ਤਨ ਮੇਰੇ ਤੇ ਪਾਵੋ।"

ਜੀਹਨੇ ਮੇਰਾ ਨਿਕਾਹ ਸੀ ਪੜ੍ਹਨਾ, ਉਹ ਕਾਜ਼ੀ ਸਦਵਾ ਕੇ।
ਆਖੋ ਜੀਊਂਦੀ ਲਾਸ਼ ਮੇਰੀ ਤੇ, ਪੜ੍ਹੇ ਫਾਤਿਹਾ ਆ ਕੇ।

ਚੁੱਲ੍ਹਾ ਚੌਂਕਾ ਚਰਖ਼ਾ ਪੀਹੜੀ, ਚਾਟੀ ਅਤੇ ਮਧਾਣੀ।
ਕੁਝ ਸਾਥੀ ਤਾਂ ਵਡ ਵਡੇਰੇ, ਕੁਝ ਬਚਪਨ ਦੇ ਹਾਣੀ।

ਕੌਲ੍ਹਾ, ਥੰਮ੍ਹੀ, ਆਲ੍ਹਾ, ਦੀਵਾ, ਸਰਦਲ, ਕੰਧਾਂ, ਵਿਹੜਾ।
ਬਿਟ ਬਿਟ ਵੇਖਣ ਬੋਲ ਨਾ ਸਕਣ, ਦਰਦ ਵੰਡਾਵੇ ਕਿਹੜਾ।

ਹੰਝੂਆਂ ਦੀ ਵਰਖਾ ਦੇ ਅੰਦਰ, ਤਨ ਮਨ ਸੜਦਾ ਜਾਵੇ।
ਝੱਲ ਪੁਣੇ ਵਿਚ ਗੋਰੀਆਂ ਬਾਹਵਾਂ, ਪਈਆਂ ਭਰਨ ਕਲਾਵੇ।

ਕਿਥੇ ਜਾਸੇਂ ਨਸ ਕੇ ਆਖ਼ਿਰ, ਇਸ ਕਮਲੀ ਦਿਆ ਸਾਈਆਂ।
ਅੱਲਾ ਬੇਲੀ ਵੇਖੀ ਜਾਸੀ, ਜੋ ਹੁਣ ਸਿਰ ਤੇ ਆਈਆਂ।

ਇਕ ਮਨ ਗੱਲਾਂ ਕਰਦਾ ਜਾਵੇ, ਇਕ ਮਨ ਭਰੇ ਹੁੰਗਾਰੇ।
ਸਰਘੀ ਨੇ ਲੀਤੀ ਅੰਗੜਾਈ, ਅੰਬਰੋਂ ਝੜ ਪਏ ਤਾਰੇ।

ਉਠੀ ਜ਼ਖ਼ਮੀ ਹਰਨੀ ਵਾਂਗੂੰ, ਝਾਤ ਚੁਪਾਸੀਂ ਮਾਰੀ।
ਘੁਗ ਵਸ ਨੀ ਭੰਬੋਰ ਨਗਰੀਏ, ਸਾਡੀ ਕੂਚ-ਤਿਆਰੀ।

ਨਾਜ਼ਾਂ ਵਿਚ ਵਲੇਟੀ ਹੋਈ, ਤੁਰ ਪਈ ਘਰੋਂ ਜੁਆਨੀ।
ਖਿਚ ਯਾਰ ਦੀ ਬਿਜਲੀਓਂ ਛੋਹਲੀ, ਨਜ਼ਰੋਂ ਤੇਜ਼ ਰਵਾਨੀ।

ਮਾਰੂ-ਥਲ ਤੇ ਸਿਖਰ ਦੁਪਹਿਰਾਂ, ਅੰਬਰ ਅੱਗ ਵਰ੍ਹਾਏ।
ਚਾਰ ਚੁਫੇਰੇ ਰੇਤ ਦਾ ਸਾਗਰ, ਪੁੰਨੂੰ ਨਜ਼ਰ ਨਾ ਆਏ।

'ਸ਼ਮਸ ਦੀ ਰੂਹ ਧਰਤੀ ਉਤੇ, ਕੁਦਰਤ ਖਾਏ ਭੁਲੇਖੇ।
ਸੂਰਜ ਪਿਆ ਹੈਰਾਨੀ ਅੰਦਰ, ਨੀਵਾਂ ਹੋ ਹੋ ਵੇਖੇ।

ਸੁਣ ਕੇ ਜੀਭ ਤਾਲੂ ਨੂੰ ਚੰਬੜੀ, ਸੜ ਕਬਾਬ ਜ਼ਿੰਦ ਹੋਈ।
"ਡਾਚੀ ਵਾਲਿਆ ਮੋੜ ਮੁਹਾਰਾਂ, ਮੈਂ ਮੋਈ ਵੇ ਮੋਈ।"

ਪੈਰ ਨੱਢੀ ਦੇ ਮਹਿੰਦੀ ਰੰਗਲੇ, ਛਾਲੇ ਪੈਂਦੇ ਫਿਸਦੇ।
ਵਾ-ਵਰੋਲੇ ਅੱਖੀਆਂ ਸਾਹਵੇਂ, 'ਪੁੰਨੂੰ' ਬਣਦੇ ਦਿਸਦੇ।

ਸੂਹੇ ਦੀਦੇ ਸੁਕੀਆਂ ਬੁੱਲ੍ਹੀਆਂ, ਜੁੱਸਾ ਨੀਲਾ ਹੋਇਆ ।
ਰੋਮ ਰੋਮ ਦੀ ਅੱਖ ਚੋਂ ਕਾਦਰ, ਮੁੜ੍ਹਕਾ ਬਣ ਕੇ ਰੋਇਆ ।

ਭੁਜਦੇ ਹੋਏ ਕਲਬੂਤ ਦੇ ਅੰਦਰ, ਆਸ ਏ ਰੋਂਦੀ ਹਸਦੀ ।
ਡਿਗ ਪੈਂਦੀ ਏ ਚੱਕਰ ਖਾ ਕੇ, ਮੁੜ ਉਠਦੀ ਮੁੜ ਨਸਦੀ ।

ਲੁੱਛੇ ਜਿੰਦੜੀ ਔਣ ਹਿਚਕੀਆਂ, ਸਾਹ ਕੋਈ ਟਾਵਾਂ ਟਾਵਾਂ ।
"ਆ ਮੌਤੇ ਤੇਰੀ ਗੋਦੀ ਬਹਿ ਕੇ, ਦੀਦ ਉਸ ਦੀ ਪਾਵਾਂ ।"

ਭੰਬਟ ਦੀ ਵਲ ਜਾਂਦੀ ਜਾਂਦੀ, ਲਾਟ ਹੁਸਨ ਦੀ ਝੈਂ ਗਈ ।
ਮੱਛੀ ਵਾਂਗੂੰ ਤੜਫ ਤੜਫ ਕੇ, ਕਿਸਮਤ ਵਾਂਗੂੰ ਸੌਂ ਗਈ ।

ਪਾਕ ਹੂਰ 'ਕੁਰਆਨ ਦੀ ਆਇਤ' ਵਾਹ ਵਾ ਤੇਰੀਆਂ ਸ਼ਾਨਾਂ ।
ਸ਼ੇਅਰ ਤੇਰੇ ਪੈਰਾਂ ਦੇ ਜ਼ੱਰੇ, ਮਿੱਟੀ ਵਿਚ ਮੁਸਕਾਨਾਂ ।

ਕਨਾਟ ਪਲੈਸ

(1)

ਉੱਚੀਆਂ, ਅੱਡੀਆਂ
ਨੀਵੀਆਂ, ਅੱਡੀਆਂ
ਕਾਲੇ, ਪੀਲੇ
ਡਾਰਕ, ਬ੍ਰਾਊਨ
ਘਟੀਆ, ਵਧੀਆ
ਚਿਟੇ ਸਾਬਰ
ਕਾਲੇ ਸਾਬਰ
ਪੀਲੇ ਸਾਬਰ
ਖ਼ਾਕੀ ਸਾਬਰ
ਕਾਫ ਲੈਦਰ ਤੇ
ਕੁਰਮ ਸਪੈਸ਼ਲ
ਸੱਪ ਦੇ ਚਮੜੇ
ਕਾਨ੍ਹ ਪੁਰੀ
ਕਲਕੱਤਾ ਟਾਈਪ

ਜੋਧ ਪੁਰੀ
ਲਾਹੌਰੀ ਫੈਸ਼ਨ
ਫੁੱਲ ਸਲੀਪਰ
ਕੱਸੇ ਤਸਮੇਂ
ਖੁਲ੍ਹੇ ਫੀਤੇ
ਲਮਕਨ ਬਕਲਸ
ਘਿਸਰਨ ਪੂਛਾਂ
ਟੁੱਟੇ ਛਿੱਤਰ
ਪਿਸ਼ੌਰੀ ਚੱਪਲ
ਧੌੜੀ ਵਾਲੀਆਂ
ਦੇਸੀ ਜੁੱਤੀਆਂ
ਸੁੱਚੇ ਤਿੱਲੇ
ਸੋਹਣੇ ਖੁੱਸੇ
ਚਰਚਰ ਕਰਦੇ
ਚੁੱਪ, ਚੁਪੀਤੇ
ਏਧਰ, ਓਧਰ

ਅੱਗੜ, ਪਿੱਛੜ
ਤੁਰਦੇ ਫਿਰਦੇ
ਦਿੱਸਣ ਖਲੋਤੇ
ਫੁੱਟ ਪਾਥਾਂ ਤੇ
ਬੈਠੇ ਮੁੰਡੇ
ਲਾਣ ਆਵਾਜ਼ਾਂ
ਆਵੋ ਸਾਹਿਬ
ਆਵੋ ਮੈਡਮ
ਪਾਲਿਸ਼ ਕਰ ਦੂੰ
ਮੂੰਹ ਦਿਖਲਾ ਦੂੰ
ਇਕ ਲੱਤ ਪਰਨੇ
ਪਾਉਂਚੇ ਚੁੱਕੀ
ਦੇਸੀ ਬਾਬੂ
ਸਾਹਿਬ ਫਿਰੰਗੀ
ਨਜ਼ਰਾਂ ਸੇਕਣ
ਨੀਵੀਆਂ ਪਾ
ਮਜ਼ਦੂਰ ਵਿਚਾਰੇ
ਕਰ ਕੇ ਪਾਲਿਸ਼
ਫੇਰ ਕਰੀਮਾਂ
ਬੁਰਸ਼ ਰਗੜ ਕੇ
ਮਾਰ ਕੇ ਕੱਪੜਾ
ਕਿਤੇ ਦੁਆਨੀ
ਕਦੇ ਚੁਆਨੀ
ਆਨਾ ਕਿਧਰੇ
ਕਿਤੋਂ ਦੁ-ਪੈਸੀ
ਚਲਿਆ ਟਰਿੱਕ ਏ
ਲੱਗਾ ਦਾਅ ਏ
ਸ਼ੀਸ਼ੇ ਵਾਂਗੂੰ
ਲਿਸ਼ਕਾ ਦੇਂਦੇ
ਚਮਕਾ ਛੱਡਦੇ
ਬੂਟਾਂ, ਸੈਂਡਲਾਂ
ਜੁਤੀਆਂ, ਚਪਲਾਂ
ਲਿਫਟੀਆਂ, ਅਤੇ
ਸਲੀਪਰਾਂ ਤਾਈਂ
ਜਿਸਮਾਂ ਉੱਤੇ
ਮਣ ਮਣ ਘੱਟਾ
ਮੈਲੇ ਕੁੜਤੇ
ਪਾਟੀਆ ਬਾਹੀਵਾਂ
ਬੀੜੀਆਂ ਪੀਂਦੇ
ਜ਼ਰਦੇ ਖਾਂਦੇ
ਨਲੀਆਂ ਪੂੰਝਣ
ਪੁਲਿਸ ਦੇ ਡਰ ਤੋਂ
ਸਹਿਮੇ ਸਹਿਮੇ
ਧਰਤੀ ਉੱਤੇ
ਰੁਲਦੇ ਹੀਰੇ
ਜ਼ਿੰਦਗੀ ਦੇ
ਕਦਮਾਂ ਵਿਚ
ਬਹਿ ਕੇ
ਜ਼ਿੰਦਗੀ ਦਿਆਂ
ਖੁਰਾਂ ਦੇ ਤਾਈਂ
ਕਰਦੇ ਰਹਿਣ
ਸਦਾ ਪਏ ਲੇਸ :—
ਤਕਿਆ ਅਸਾਂ
ਕਨਾਟ ਪਲੇਸ ।

(2)

ਚੌੜੇ ਸੀਨੇ
ਸੌੜੇ ਸੀਨੇ
ਰੰਗ ਬਰੰਗੇ
ਜੰਪਰਾਂ ਅਤੇ
ਫਰਾਕਾਂ ਅੰਦਰ
ਕੱਸੇ ਹੋਏ
ਮੁਸ਼ਕਾਂ ਪਾ ਪਾ
ਨਰੜੇ ਹੋਏ
ਬਿਲ੍ਹਬੂੰ ਬਿਲ੍ਹਬੂੰ
ਢਿਲਕ ਰਹੇ
ਅੱਧ ਨੰਗੇ ਸੀਨੇ
ਸੂਟਾਂ ਅੰਦਰ
ਤਿਹਾਂ ਦੇ ਓਹਲੇ
ਥਾਨਾਂ ਅੰਦਰ
ਲੁਕਿਆ, ਲੁਕਿਆ
ਕਜਿਆ, ਕਜਿਆ
ਸਭ ਕੁਝ ਹੀ
ਬੇ-ਪਰਦਾ ਜਾਪੇ
ਬਿਜਲੀ ਰੰਗੀਆਂ
ਕਿਰਨਾਂ ਵਰਗੀਆਂ
ਪੀਂਘਾਂ ਜਹੀਆਂ
ਭਾਤ ਭਾਂਤ ਦੀਆਂ
ਘੁੰਮਣ ਚੁੰਨੀਆਂ

ਫਿਰਨ ਸਾੜ੍ਹੀਆਂ
ਟੋਪੀਆਂ ਘੁੰਮਣ
ਹੈਟਾਂ ਫਿਰਦੀਆਂ
'ਨਹਿਰੂ' ਜੈਕਟ
'ਗਾਂਧੀ' ਟੋਪੀ
'ਜਿਨਾਹ' ਕੈਪ ਤੇ
ਰੂਮੀ ਟੋਪੀ
'ਹਿਟਲਰ' ਮੁੱਛਾਂ
'ਕਰਜ਼ਨ' ਮੁੱਛਾਂ
'ਗੌਵਲ' ਤੇ
ਬੈਂਗਲੌਰੀ ਮੁੱਛਾਂ
ਤੱਕੋ, ਵਾਲ
'ਦਲੀਪ ਕੁਮਾਰ' ਦੇ
ਵੇਖੋ ਪੈਂਟ ਔਹੁ
'ਰਾਜ ਕਪੂਰ' ਦੀ
'ਨਿਮੀ' ਟਾਈਪ
'ਨਰਗਿਸ' ਟਾਈਪ
'ਬੀਨਾ' 'ਨਿਸ਼ੀ'
ਛਪੰਜਾ ਮਾਡਲ
'ਦੁਰਗਾ ਖੋਟੇ'
ਤੇਤੀ ਮਾਡਲ
'ਨੂਤਨ' 'ਨੰਦਾ'
'ਆਸ਼ਾ ਪਾਰਖ'
ਉਨਾਠ ਸਠ ਦੇ
ਨਵੇਂ ਡੀਜ਼ਾਈਨ
ਔਹੁ ਘਗਰੇ

(3)

ਮੇਵਾੜ ਦੇਸ਼ ਦੇ
ਕਿਧਰੋਂ ਲਾਂਗੜ
ਦਾਰ ਧੋਤੀਆਂ
ਸਿਰ ਵੀ ਨੰਗੇ
ਪੈਰ ਵੀ ਨੰਗੇ
ਘਟੀਆ ਹੁਸਨ
ਕੀਮਤੀ ਕਪੜੇ
ਹੁਸਨ ਸਿੰਧ ਦਾ
ਰੂਪ ਪੰਜਾਬੀ
ਤੇ ਕਸ਼ਮੀਰੀ
ਵੇਖੋ, ਕਿਤੇ
ਬੰਗਾਲੀ ਫੈਸ਼ਨ
ਜਰਮਨ, ਲੰਡਨ,
ਰਸ਼ੀਆ, ਚਾਇਨਾ
ਕਾਠੀਆ ਵਾੜ
ਮਰਾਠਾ, ਤਿਲਗੂ
ਅਰਬੀ, ਤਿੱਬਤੀ
ਗੌਨ ਤੇ ਬੁਰਕੇ
ਦੌਲਤ ਦਿਆਂ
ਪਰਾਂ ਤੇ ਚੜ੍ਹ ਕੇ
ਜ਼ਿੰਦਗੀ ਕਰਦੀ
ਏ ਪਈ ਰੇਸ :—
ਤਕਿਆ ਅਸਾਂ
ਕਨਾਟ ਪਲੇਸ।

ਤਾੜਾ ਤੇ
ਮੁਰਝਾਈਆਂ ਬੁਲ੍ਹੀਆਂ
ਰੱਜੀਆਂ ਵੀ
ਤਿਰਹਾਈਆਂ ਬੁਲ੍ਹੀਆਂ
ਸੂਹੀਆਂ ਬੁੱਲ੍ਹੀਆਂ
ਪੀਲੀਆਂ ਬੁੱਲ੍ਹੀਆਂ
ਟੈਪਸ ਚਮਕਨ
ਨੈਕਲਿਸ ਲਿਸ਼ਕਨ
ਸੁਰਖ਼ੀ ਬਿੰਦੀਓਂ
ਖ਼ਾਲੀ ਦਿੱਸੇ
ਕਿਤੇ ਕਿਤੇ ਕੋਈ
ਸੁੰਦਰ ਮੁੱਖੜਾ
ਖ਼ੂੰਨ ਨਾ ਜਾਪੇ
ਡਲ੍ਹਕ ਨਾ ਦਿੱਸੇ
ਡੁੱਸ ਨਾ ਕੋਈ
ਜ਼ੂਠੇ ਨਾਜ਼ ਤੇ
ਮੁਰਦਾ ਨਖ਼ਰੇ
ਠੰਦੇ ਚਸ਼ਮੇਂ
ਮੋਟੇ ਸ਼ੀਸ਼ੇ
ਸ਼ਾਨ ਮਰਕਰੀ
ਮੜਕ ਬਨੌਟੀ
ਆਨ ਉਧਾਰੀ
ਮਣ ਮਣ ਪਾਊਡਰ
ਰਾਤ ਦੀ ਰਾਣੀਂ

ਕਿਉੜਾ, ਗੋਂਦਾ
ਈਵਨਿੰਗ ਪੈਰਿਸ
ਲਪਟਾਂ ਆਵਨ
ਮਹਿਕਾਂ ਖਿਲਰਨ
ਸੋਨੇ ਰੰਗੀਆਂ
ਮੋਤੀਆਂ ਲੱਦੀਆਂ
ਸ਼ਕਲਾਂ ਸਾਹੰਵੇਂ
ਖੁੱਸੇ ਵਾਲ
ਮਧੋਲੇ ਤਨ
ਮੁਰਝਾਏ ਚਿਹਰੇ
ਪੀਲੇ ਪੀਲੇ
ਦੰਦ ਵਿਲਕ ਕੇ
ਤਰਲੇ ਘੱਤਣ
ਦੇਣ ਦੁਆਵਾਂ
'ਜੀਵੇ ਜੋੜੀ'
'ਭਲੀ ਕਰੇ ਰੱਬ'
'ਬੁਲ੍ਹੇ ਵੱਢੇ'
'ਐਸ਼ਾਂ ਲੁੱਟੋ'
'ਦੁੱਧੀ ਨ੍ਹਾਵੋ'
'ਪੁੱਤੀਂ ਫੁੱਲੋ'
ਉਹ ਵੀ ਬੱਸ
ਇਕ ਪੈਸੇ ਬਦਲੇ
ਆਨੇ ਖ਼ਾਤਰ
ਉਹ ਵੀ ਮਿਲਨੈ
ਜਾਂ ਨਹੀਂ ਮਿਲਨੈ
ਪਤਾ ਕੋਈ ਨਾ

ਜ਼ਿੰਦਗੀ ਅੱਗੇ
ਥਾਂ ਥਾਂ ਜ਼ਿੰਦਗੀ
ਹਾੜੇ ਕੱਢਦੀ
ਧੁਰ ਤੋਂ ਲੱਗੀਆਂ
ਵਕਤੀ ਜੋੜੇ
ਦੋ ਦੋ ਗੁੱਤਾਂ
ਛੇ ਛੇ ਗੁੱਤਾਂ
ਛੱਡਵੇਂ ਪਟੇ ਤੇ
ਕੱਸਵੇਂ ਜੂੜੇ
ਚੁਕਵੇਂ ਜੂੜੇ
ਮਟਕਨ ਕੁੱਲ੍ਹੇ
ਫੜਕਨ ਪਲਕਾਂ
ਨੱਚਣ ਨਖ਼ਰੇ
ਹੋਣ ਅਦਾਵਾਂ
ਕਮਸਿਨ ਹੁਸਨ
ਖ਼ਬੀਸ ਇਸ਼ਕ
ਅਠਖੇਲ੍ਹੀਆਂ ਕਰਦੇ
ਕੋਇਲਾਂ ਕੂਕਣ
ਗਿੱਧ ਮੰਡਲਾਵਨ
ਤਰ੍ਹਾਂ ਤਰ੍ਹਾਂ ਦੀਆਂ
ਪੱਗਾਂ ਘੁੰਮਣ
ਚੁੰਝਾਂ ਵਾਲੀਆਂ
ਫਿਫਟੀਆਂ ਵਾਲੀਆਂ
ਛੱਜਿਆਂ ਵਾਲੀਆਂ
ਖੁਲ੍ਹੀਆਂ ਦਾੜ੍ਹੀਆਂ
ਬੱਝੀਆਂ ਦਾੜ੍ਹੀਆਂ

ਕੁਤਰੀਆਂ ਦਾੜ੍ਹੀਆਂ
ਦਾੜੀ ਕੋਈ ਨਾ
ਮੁੱਛ ਦਿਸੇ ਨਾ
ਪੌਣ ਭੁਲੇਖੇ
ਮਰਦ ਕਿ ਤੀਵੀਂ
ਕੁੱਬੀ ਕੁੱਬੀ
ਤੁਰੇ ਜੁਆਨੀ
ਬਣੇਂ ਬੁਢਾਪਾ
ਬਾਲ ਵਰੇਸ :—
ਤਕਿਆ ਅਸਾਂ
ਕਨਾਟ ਪਲੇਸ।

(4)

ਮਿੰਟੋ ਰੋਡ ਤੋਂ
ਖੱਬੇ ਤੁਰ ਪਓ
ਸਾਊਥ ਇੰਡੀਆ
ਬੋਰਡਿੰਗ ਦੀਆਂ ਸ਼ਾਨਾਂ
ਕਾਕੇ ਦੇ
ਹੋਟਲ ਚੋਂ ਲੈਂਦੇ
ਭੁਜਦੇ ਮਾਸ
ਦੀਆਂ ਖ਼ੁਸ਼ਬੋਆਂ
ਅੱਗੇ ਬਾਰਾਂ
ਖੰਭਾ ਰੋਡ
ਸਟੇਟਸ ਮੈਨ ਦਾ
ਦਫਤਰ ਤੱਕੋ

ਹਿੰਦੁਸਤਾਨ ਟਾਈਮਜ਼
ਦਾ ਦਫਤਰ
ਕਰਜ਼ਨ ਰੋਡ ਦੇ
ਮੱਥੇ ਲਗਦਾ
ਹਰ ਔਂਦੇ
ਜਾਂਦੇ ਰਾਹੀ ਨੂੰ
ਸਿੰਧੀਆ ਹਾਊਸ
ਦਏ ਸਲਾਮੀ
'ਕੁਈਨਜ਼ ਵੇ' ਤੋਂ
ਤਿਰਛੇ ਹੋ ਕੇ
ਤੱਕੋ ਜ਼ਰਾ ਕੁ
ਲਹਿੰਦੇ ਪਾਸੇ
ਬੰਨ੍ਹ ਕੇ ਡਾਰ
ਉਡੀਕਨ ਗਾਹਕ
ਰਿਫਿਊਜੀ ਵੀਰਾਂ
ਵੀਰਾਂ ਦੀਆਂ ਹੱਟੀਆਂ
'ਐਲਪਿਸ ਕੈਫੇ'
ਕਾਰਾਂ ਹਾਸੇ
ਹੈਲੋ, ਚੀਰੀਓ
ਆਵਾ-ਜਾਈ
ਕਈ ਆਵਾਰਾ
ਆਸ਼ਿਕ ਘੁੰਮਣ
ਕਈ ਸ਼ਿਕਾਰੀ
ਕਈ ਬਾਜ਼ਾਰੀ
ਹੁਸਨ ਭਟਕਦੇ
'ਇੰਡੀਆ ਕਾਫ਼ੀ

ਹਾ'ਊਸ' ਦੇ ਅੰਦਰ
ਭਾਂਤ ਭਾਂਤ ਦੇ
ਪੰਛੀ ਚਹਿਕਨ
ਲੇਖਕ ਏਥੇ
ਸ਼ਾ'ਇਰ ਏਥੇ
ਏਜੰਟ ਤੇ
ਐਡੀਟਰ ਏਥੇ
ਡਾਕਟਰ ਏਥੇ
ਸਭਿਅਕ ਮੰਗਤੇ
ਖੌਖਲੇ ਜੀਵਨ
ਲੀਡਰ ਏਥੇ
ਸ਼ਾਤਿਰ ਯਾਰ
ਨੁਮੈਸ਼ੀ ਦਾਤੇ
ਸੰਤ-ਸੁਭਾ
ਲੌਫਰ ਤੇ ਸਾ'ਊ
ਚਪੜਾਸੀ ਤੋਂ
ਮਿਲ ਓਨਰ ਤਕ
ਚੂਹੜੇ ਤੋਂ ਲੈ
ਪੰਡਤ ਤਾਈਂ
ਛੂਤ ਕੋਈ ਨਾ
ਭੂਤ ਕੋਈ ਨਾ
ਭਾਰੀਆਂ ਗੱਲਾਂ
ਵਾਂਗ ਪਹਾੜਾਂ
ਹਲਕੇ ਗੀਤ
ਪੁਰੇ ਦੀ ਵਾ ਤੋਂ
ਬਾਹਰੋਂ ਅੰਦਰ
ਪੈਰ ਧਰਦਿਆਂ

ਟੈਂ.....ਟੈਂ
ਮੈਂ ਮੈਂ
ਕੈਂ ਕੈਂ
ਚੈਂ ਚੈਂ
ਵੱਖਰੀ ਅਕਲੋਂ
ਚੱਲਦੀ ਭਾਸ਼ਾ
ਰਾਜ਼ ਆਪਣੇ
ਭੇਤ ਆਪਣੇ
ਕੋਈ ਨਾ ਸੁਣਦਾ
ਕੋਈ ਨਾ ਗੌਲੇ
'ਜਨ-ਪਥ' ਤੇ
'ਇੰਪੀਰੀਅਲ ਹੋਟਲ'
ਇਕ ਦੂਜੇ ਨੂੰ
ਘੂਰੀਆਂ ਵੱਟਣ
ਇਕ ਸਰਕਾਰੀ
ਇਕ ਦਿਸੌਰੀ
ਲੇਬਲ ਦੇਸੀ
ਢੰਗ ਵਿਲੈਤੀ
ਗਏ ਫਿਰੰਗੀ
ਆਪਣੀਆਂ ਰੀਤਾਂ
ਦੇ ਗਏ ਸਾਨੂੰ
ਆਪਣੀਆਂ ਫਿਟਕਾਂ
ਸੁਟ ਗਏ ਏਥੇ
ਖਾਣੇਂ ਸਾਡੇ
ਨਾਉਂ ਉਨ੍ਹਾਂ ਦੇ
ਦੇਸ਼ ਅਸਾਡਾ

ਤੌਰ ਉਨ੍ਹਾਂ ਦੇ
ਲੰਗੜੀ ਇੰਗਲਿਸ਼
ਜ਼ਖ਼ਮੀ ਉਰਦੂ
ਘਾਇਲ ਹਿੰਦੀ
ਮੰਦੇ ਹਾਲ
ਅਪਾਹਜ ਪੰਜਾਬੀ
ਵਾਲ ਸੁਨਹਿਰੀ
ਅੱਡੀਆਂ ਚੁੰਮਦੇ
ਕਿਧਰੇ ਵਾਹੇ
ਕਿਤੇ ਤਰਾਸ਼ੇ
ਕਿਧਰੇ ਸੱਪ
ਕਰੁੰਡੀਏ ਕੇਸ :—
ਤਕਿਆ ਅਸਾਂ
ਕਨਾਟ ਪਲੇਸ।

(5)

ਓਥੋਂ ਪਿਛਾਂਹ ਨੂੰ
ਮੁੜਦੇ ਹੋਏ
ਤੱਕੋ ਭਾਰਤ
ਸੇਵਕ ਸਮਾਜ
ਨਾਉਂ ਬੜੇ ਪਰ
ਦਰਸ਼ਨ ਛੋਟੇ
ਕੰਮ ਨਾ ਕੋਈ
ਕਾਰ ਨਾ ਕੋਈ
ਪਾਰਲੀਮੈਂਟ-
ਸਟਰੀਟ ਦੇ ਕੋਲੋਂ
ਦੀਵਾਰਾਂ ਦੀ
ਇਕ ਫੁਲਾਦੀ
ਬੁੱਕਲ ਮਾਰੀ
ਸਾਹਮਣੇਂ ਦਿੱਸੇ
ਰੀਗਲ ਬਿਲਡਿੰਗ
ਜਿਸ ਦੇ ਅੰਦਰ
ਰੱਬ ਹੀ ਜਾਣੇਂ
ਕੀ ਕੁਝ ਹੁੰਦੈ
ਕੀ ਕੁਝ ਰਹਿੰਦੈ
ਆਵੇ ਨਜ਼ਰ
ਕੁਵਾਲਿਟੀ ਹੋਟਲ
ਹਾਕਾਂ ਮਾਰੇ
ਪਿਆ ਸਟੈਂਡਰਡ
ਗੋ-ਲਾਰਡ ਵੀ
ਕਰੇ ਇਸ਼ਾਰੇ
ਟੀ ਹਾਊਸ ਵੀ
ਪਿਆ ਬੁਲਾਵੇ
ਖੱਦਰ ਹੱਸੇ
ਟਿੱਸ਼ੂ ਜਾਰਜਟ
ਮੈਬਰਾ ਡੀਨ
ਪਲਛ ਪਸ਼ਮੀਨਾ
ਦੁਨੀਆਂ ਦੀਆਂ
ਮਿੱਲਾਂ ਦੀ ਮਿਹਨਤ
ਕਿਕਲੀ ਪਾਵੇ
ਹੱਸਨ ਕਰੀਜ਼ਾਂ

ਰੋਣ ਚੀਖੜੇ
ਆਲ ਦੁਆਲੇ
ਟੈਕਸੀਆਂ ਵਾਲੇ
ਕਾਰਾਂ ਵਾਲੇ !!
ਰਿਕਸ਼ਿਆਂ ਵਾਲੇ !
ਆਖਣ ਦਾਤਾ
ਬਖ਼ਸ਼ੀ ਰੱਖੀਂ
ਇਧਰੋਂ ਉਧਰੋਂ
ਔਣ ਆਵਾਜ਼ਾਂ
ਹੁਸਨ ਵਿਕਾਊ !
ਇਸ਼ਕ ਵਪਾਰੀ !
ਵਿਕਦੀ ਗ਼ੁਰਬਤ
ਵਿਕਣ ਰੁਝੇਵੇਂ
ਵਿਕਦੀ ਗ਼ੈਰਤ
ਇੱਜ਼ਤ ਵਿਕਦੀ
ਪਤਾ ਨਾ ਲਗੇ
ਕਿਹੜਾ ਵੇਚੇ
ਕੌਣ ਏਂ ਗ੍ਰਾਹਕ
ਕੌਣ ਏਂ ਵਿਕਦਾ
ਅਕਲ ਦੀਆਂ
ਨਜ਼ਰਾਂ ਚੁੰਧਿਆਵਨ
ਮੋਟੀਆਂ ਅਤੇ
ਮਹੀਨ ਬੋਲੀਆਂ
'ਚਲੋ ਕੁਵਾਲਿਟੀ'
'ਨਹੀਂ ਗੇ-ਲਾਰਡ'
'ਨਹੀਂ ਸਟੈਂਡਰਡ'

ਟੀ ਹਾਊਸ ਦੇ
ਨਵੇਂ ਨਜ਼ਾਰੇ
ਹੋਣ ਇਸ਼ਾਰੇ
ਕੰਨਾਂ ਦੇ ਨਾਲ
ਪੱਬਾਂ ਦੇ ਨਾਲ
ਨਾਸਾਂ ਦੇ ਨਾਲ
ਜ਼ੁਲਫਾਂ ਦੇ ਨਾਲ
ਹੋਵਨ ਰਮਜ਼ਾਂ
ਪਲਕਾਂ ਦੇ ਨਾਲ
ਚੁੰਨੀਆਂ ਦੇ ਨਾਲ
ਰੁਕਨ ਮੋਟਰਾਂ
ਤੁਰਨ ਮੋਟਰਾਂ
ਲਹਿੰਦੇ ਜੁੱਸੇ
ਚੜ੍ਹਦੇ ਜੁੱਸੇ
ਕੋਈ ਸਟੈਂਡਰਡ
ਕੋਈ ਗੇ-ਲਾਰਡ
ਕੋਈ ਕੁਵਾਲਿਟੀ
ਟੀ-ਹਾਊਸ ਵਲ
ਜਾਣ ਟੋਲੀਆਂ
ਜਾਵਨ ਜੋੜੇ
ਨਿਕਲਨ ਜੋੜੇ
ਇਕ ਇਕ ਜਾਵੇ
ਦੋ ਦੋ ਨਿਕਲਨ
ਦੋ ਦੋ ਜਾਵਨ
ਛੇ ਛੇ ਨਿਕਲਨ
ਪਤਾ ਕੋਈ ਨਾ

ਕੌਣ ਵਿਆਂਹਦੜ ?
ਯਾਰ ਏ ਕਿਹੜਾ ?
ਚੋਰ ਏ ਕਿਹੜਾ ?
ਸਾਧ ਏ ਕਿਹੜਾ ?
ਥਾਂ ਥਾਂ ਨੇ
ਪੋਲੀਸ ਦੇ ਪਹਿਰੇ
ਆਫਰੀਨ 'ਆਦਮ
ਦੇ ਬੇਟੇ'
ਤੇ ਅਸ਼ਕੇ
ਹਵਾ ਦੀਆਂ ਬੱਚੀਆਂ
ਦਿਨ ਦੀਵੀਂ ਪਏ
ਮਚਨ ਹਨੇਰੇ
ਰਾਤਾਂ ਦੀ ਤਾਂ
ਗਲ ਰਹਿਣ ਦਿਓ
ਕੋਈ ਨਾ ਰੋਕੇ
ਕੋਈ ਨਾ ਪੁਛੇ
ਕੋਈ ਨਾ ਵੇਖੇ
ਕੋਈ ਨਾ ਟੋਕੇ
ਟਿਕਟ ਕਟਾਵੋ
ਪਿਕਚਰ ਤੱਕੋ
ਲਓ ਚਿਲਗੋਜ਼ੇ
ਲੈ ਜਾਓ ਖਾਜਾ
ਟਾਈਮ ਚੰਗਾ
ਪਾਸ ਹੋਏ ਗਾ
ਨਜ਼ਰ ਘੁਮਾਵੋ
ਲਵੋ ਨਜ਼ਾਰੇ
ਵੇਖੋ ਅਸਲੇ
ਦੇ ਪਰਛਾਵੇਂ
ਮਿਲਦੇ ਦਿਉਤੇ
ਅਤੇ ਕਸਾਈ
ਬਦਲ ਬਦਲ
ਬੇ-ਓੜਕ ਭੇਸ :—
ਤੱਕਿਆ ਅਸਾਂ
ਕਨਾਟ ਪਲੇਸ।

(6)

ਸੱਜੇ ਪਾਸੇ
ਟੈਕਸੀਆਂ ਖੜੀਆਂ
ਉਨ੍ਹਾਂ ਦੇ ਅਗੇ
ਸਾਈਕਲ ਏਦਾਂ
ਜਾਪ ਰਹੇ ਨੇ
ਜੀਕੂੰ ਹੋਵਨ
ਮੀਟਿੰਗ ਕਰਦੇ
ਰਲ ਕੇ ਕਈ
ਮਕੌੜੇ ਕਾਢੇ
ਲਹਿੰਦੇ ਹੱਥ
ਰਿਵੌਲੀ ਟਾਕੀਜ਼
ਇਹਨੂੰ ਆਹੰਦੇ
ਏਰਵਨ ਰੋਡ
ਹਰ ਮੰਗਲ ਦੇ
ਮੰਗਲ ਏਥੇ

ਹਨੂਮਾਨ ਦੇ
ਮੰਦਰ ਗਿਰਦੇ
ਮੇਲਾ ਲਗਦੈ
ਹੋਣ ਰੌਣਕਾਂ
ਚੜ੍ਹਨ ਚੜ੍ਹਾਵੇ
ਹੋਵਨ ਠਗੀਆਂ
ਪੂਰਨ ਭਗਤੀ
ਸਿਖਰ ਮਕਾਰੀ
ਪੈਣ ਵਿਛੋੜੇ
ਹੋਵਨ ਮੇਲੇ
ਬਦੀ ਤੇ ਨੇਕੀ
ਦਾ ਇਕ ਸੰਗਮ
ਸ਼ਰਧਾ ਆਪਣੀ
ਫਿਤਰਤ ਆਪਣੀ
ਓਥੋਂ ਫੇਰ
ਪਿਛਾਂਹ ਪਰਤ ਕੇ
ਕਰਕੇ ਰੁਖ਼
ਖ-ਬੇ ਪਾਸੇ ਦਾ
ਲੰਘ ਜਾਓ ਲੇਡੀ
ਹਾਰਡਿੰਗ ਰੋਡ
ਸੱਜੇ ਹੱਥ
ਮਰੀਨਾ ਹੋਟਲ
ਉੱਪਰ ਜਿਸ ਦੇ
ਗੂੰਜਣ ਹਾਸੇ
ਬੱਲੇ ਹਉਕੇ
ਭਰਦੀ ਜ਼ਿੰਦਗੀ

ਸਾਵੇ ਰੰਗ ਦੀ
ਬੱਤੀ ਤੱਕ ਕੇ
ਪੰਚਕੂੰਈਆਂ ਨੂੰ
ਕਰੋ ਕਰਾਸ
ਕੁਤਬ ਰੋਡ ਦੇ
ਖੱਬਿਓਂ ਚੜ੍ਹਦੇ
ਨਵਾਂ ਸਟੇਸ਼ਨ
ਡਲ੍ਹਕਾਂ ਮਾਰੇ
ਸਦਰ ਚੁਰਾਹਾ
ਦੋ ਦੋ ਆਨੇ
ਟਾਂਗਿਆਂ ਵਾਲੇ
ਵਾਜਾਂ ਮਾਰਨ
ਅਗੇ ਚਲ ਕੇ
ਬਿਜਲੀ ਵਾਲੇ
ਸਾਈਕਲਾਂ ਅਤੇ
ਕਿਤਾਬਾਂ ਵਾਲੇ
ਖਾਣੇ ਕੁਝ ਨਾ
ਹੋਟਲ ਮਹਿੰਗੇ
ਆਰਟਿਸਟ ਤੇ
ਫੋਟੋ ਗ੍ਰਾਫਰ
ਸੱਜੇ ਪਾਸੇ
ਯਾਰਕ ਹੋਟਲ
ਅੰਦਰ ਦੌਲਤ
ਭੰਗੜੇ ਪਾਵੇ
ਬਾਹਰ ਗ਼ਰੀਬੀ
ਢਿੱਡ ਵਜਾਵੇ

ਬੱਸਾਂ ਆਵਨ
ਬੱਸਾਂ ਜਾਵਨ
ਚੜ੍ਹਨ ਪਸਿੰਜਰ
ਲਹਿਣ ਪਸਿੰਜਰ
ਸਿਦਕੀ ਆਸਿਕ
ਜ਼ਾਰਾਂ ਵਾਂਗੂ
ਔਣ ਵਾਲਿਆਂ
ਤਾਈਂ ਉਡੀਕਣ
ਲੈਣ ਉਬਾਸੀਆਂ
ਮਾਵੇ ਡੁੰਗਣ
'ਫੀਮਾਂ ਖਾਵਣ
ਚਾਹਾਂ ਪੀਵਣ
ਦਾੜ੍ਹੀਆਂ ਖੁਰਕਨ
ਤੁੱਰੇ ਦਾਰ
ਢਿਲਕਦੀਆਂ ਪੱਗਾਂ
ਆਪੋਂ ਵਿਚੀਂ
ਗਲ੍ਹ ਮੁ-ਗਾਲੀ
ਗੁੱਥਮ-ਗੁੱਥੀ
ਹੂਰੋ ਹੂਰੀ
ਕਰਨ ਮਜ਼ਾਕਾਂ
ਟੈਕਸੀਆਂ ਵਾਲੇ
ਕਾਰਾਂ ਵਾਲੇ
ਰਿਕਸ਼ਿਆਂ ਵਾਲੇ
'ਰਾਹੇ ਮੌਲਾ
ਦੇ ਜਾ ਬਾਬਾ'
'ਤੇਰਾ ਬੱਚਾ

ਜੀਵੇ ਬਾਬਾ'
'ਸ਼ੈਟ-ਅਪ ਸਾਲਾ'
'ਭਾਗੋ-ਸੂਅਰ'
'ਚੀਜ਼ ਤਾਂ ਚੰਗੀ'
'ਮਾਲ ਤਾਂ ਸੋਹਣਾ'
'ਵਧੀਆ ਟੋਟਾ'
'ਨਿੱਗਰ ਪੱਠੀ'
'ਪੰਜੀਂ ਮੰਨ ਜਾਉ'
'ਕਰ ਲੌ ਸੌਦਾ'
ਚੀਜ਼ ਦੇ ਬੱਚੇ
ਮਾਲ ਦੇ ਵੀਰੇ
ਚੀਜ਼ ਦੇ ਬਾਪੂ
ਮਾਲ ਦੇ ਬਾਬੇ
'ਕੈਸ' ਤੇ 'ਰਾਂਝੇ'
ਏਸ ਜੁੱਗ ਦੇ
ਅੰਦਰ ਜੰਮ ਕੇ
ਸ਼ੇਖ਼ੀਆਂ ਮਾਰਨ
ਲਾਣ ਅੰਦਾਜ਼ੇ
ਕਰਨ ਸਲਾਹਾਂ
ਕਹੇ ਸ਼ਰਾਫ਼ਤ
'ਅੱਤ ਨਾ ਚੋਗੀ'
ਹੈਂਕੜ ਰੱਜ ਕੇ
ਬੱਕ ਬੱਕ ਕਰਦੀ
ਤੱਦੀਆਂ ਕਰਦੀ
ਅਣਖ ਸੁਣੇਂ ਪਈ
ਵੱਟ ਕੇ ਘੇਸ :—
ਤਕਿਆ ਅਸਾਂ
ਕਨਾਟ ਪਲੇਸ।

(7)

ਇਹ ਤਾਂ ਹੈਸੀ
ਬਾਹਰਲਾ ਸਰਕਲ
ਆਵੋ ਜ਼ਰਾ ਕੁ
ਅੰਦਰ ਚਲੀਏ
ਟਿਕਟਾਂ ਮਿਲਨ
ਬਲੈਕ 'ਚ
ਥਾਂ ਥਾਂ
ਛਡੋ 'ਓਡੀਅਨ'
ਅਤੇ 'ਪਲਾਜ਼ਾ'
ਚਲੋ ਜੀ ਆਪਾਂ
ਮੈਟਰੋ ਚਲੀਏ
ਜ਼ਿੰਦਗੀ ਲੱਭੀਏ
ਜ਼ਿੰਦਗੀ ਤਕੀਏ
ਭੋਲੇ ਮੁਖੜੇ
ਖੱਚਰੇ ਚਿਹਰੇ
ਸਹਿਮੀਆਂ ਅੱਖਾਂ
ਸ਼ੋਖ ਅਤੇ
ਬੇ-ਬਾਕ ਨਿਗਾਹਾਂ
'ਜਲਦੀ ਬੈਰਾ'
'ਆਇਆ ਸਾਹਿਬ'
'ਜਲਦੀ ਏਕ
ਤੰਦੂਰੀ ਮੁਰਗ਼ਾ'
'ਨਾਨ ਪਿਸ਼ੋਰੀ'
ਕਿਤਨੇ ਚਿਹਰੇ
ਗੱਪਾਂ ਮਾਰਨ
ਹੱਡੀਆਂ ਚੂੰਡਨ
ਧੂੰਏਂ ਉਡਾਵਨ
ਜਿਵੇਂ ਇਨ੍ਹਾਂ ਨੂੰ
ਕੰਮ ਨਾ ਕੋਈ
'ਸੀਟ ਕੋਈ ਨਾ'
'ਵੈਰੀ ਸਾਰੀ'
'ਚਲੋ, ਵੈਂਗਰ'
'ਨਹੀਂ, ਵਾਲਗਾ'
'ਬੁੱਕ ਬੁੱਕ ਹੈ ਸਭ'
'ਪੈਲਿਸ ਹਾਈਟ
ਆਰਕਿਸਟਰਾ ਦਾ
ਮਧੁਰ ਤਰਾਨਾ
ਕੁਰਸੀਆਂ ਅੰਦਰ
ਖੁੱਭੇ ਜੁੱਸੇ
ਝੂੰਮਣ ਛੱਤੇ
ਹਿੱਲਣ ਹੈਟ ਤੇ
ਝੂੰਮਣ ਪੱਗਾਂ
ਚਮਕਨ ਟਿੰਡਾਂ
ਲਿਸ਼ਕਨ ਚਸ਼ਮੇ
ਥਰਕਨ ਪੱਬ ਤੇ
ਖੜਕਨ ਅੱਡੀਆਂ
ਬੱਤੀਆਂ ਬੁਝੀਆਂ
ਕਿਸ ਦੀ ਵਹੁਟੀ ?
ਕਿਸ ਦੀ ਦਾਸੀ ?
ਕਿਸ ਦਾ ਪਤੀ, ਤੇ

ਕਿਸ ਦਾ ਸੁਆਮੀ ?
ਸਭ ਕੁਝ ਸਾਂਝਾ
ਸਦਕੇ ਜਾਵਾਂ
ਖ਼ੂਬ ਤਰੱਕੀ
ਦੇਸ਼ ਨੇ ਕੀਤੀ
'ਇਕ ਪੈੱਗ ਵਿਸਕੀ'
'ਵਿਸਕੀ ਕੋਈ ਨਾ'
'ਅੱਛਾ, ਅੱਛਾ !!'
'ਸੋਢਾ ਲਾਓ'
ਔਹੁ, ਸਟੇਜ ਤੇ
ਜੀਉਂਦਾ ਸ਼ੇਅਰ, ਤੇ
ਤਾਜ਼ਾ ਨਗ਼ਮਾ
ਨੱਚਦਾ ਏ, ਪਿਆ
ਗੌ ਦਾ ਏ ਕੁਝ
ਸਮਝੋ ਕੋਈ
ਸਮਝੋਂਦਾ ਏ ਕੁਝ
ਫੱਟੜ ਕੂੰਜ ਦੇ
ਖੰਭਾਂ ਵਾਂਗੂ
ਬਾਹੀਂਵਾਂ ਲਰਜ਼ਨ
ਵੇਲ ਵਾਂਗ
ਹਿਚਕੋਲੇ ਖਾਵੇ
ਅੰਗ ਅੰਗ ਪਿਆ
ਵਾਜਾਂ ਮਾਰੇ
ਦਏ ਦਾਅਵਤਾ
ਮਾਵਾਂ ਵੇਖਣ
ਧੀਆਂ ਵੇਖਣ

ਦੇਵੀਆਂ ਤੱਕਣ
ਚੁੜੇਲਾਂ ਵੇਖਣ
ਤੱਕਣ ਫਰਿਸ਼ਤੇ
ਨੀਚ ਵੀ ਵੇਖਣ
ਵਿਕਣ ਪਏ
ਜ਼ਿੰਦਗੀ ਦੇ ਜਜ਼ਬੇ
ਵਿਕੇ ਪਈ
ਸ਼ਾਇਰ ਦੀ ਕਵਿਤਾ
ਵਿਕੇ ਸਿਆਸਤ
ਵਿੱਕਣ ਫਿਲਸਫੇ
ਦੋਜ਼ਖ਼ ਜੰਨਤ
ਮਿਲਦੇ ਤੱਕੋ
ਮਿਲਦੇ ਨੇ ਪਏ
ਅੱਗ ਤੇ ਪਾਣੀ
ਮੁੱਲ ਖ਼ਰੀਦੇ
ਕਈ ਉਧਾਰੇ
ਨਾਜ਼ ਅਦਾਵਾਂ
ਨਾਲ ਸ਼ਿੰਗਾਰੇ
ਤਰਦੀ ਦੁਨੀਆਂ
ਡੁਬਦੀ ਦੁਨੀਆਂ
ਬਣਦੀ ਸਭਿਤਾ
ਫਿੱਟੇ ਹੋਏ
ਜ਼ਿਹਨ ਨਵਾਬੀ
ਸਰਮਾਏਦਾਰੀ
ਦੇ ਚਿਮਚੇ
ਦਾਅਵੇਦਾਰ

ਦੇਸ਼ ਦੇ ਰਾਖੇ
ਚਗਲੇ ਹੋਏ
ਮੱਕਾਰ ਮੀਸਣੇਂ
ਦਿਸ ਪੈਂਦਾ ਏ
ਹਰ ਇਕ ਫੇਸ :—
ਤਕਿਆ ਅਸਾਂ
ਕਨਾਟ ਪਲੇਸ ।

(8)

'ਔਹ ਯੂਨਾਈਟਿਡ'
'ਕਾਫੀ ਹਾਊਸ'
'ਮਿਲਕਬਾਰ' ਵੀ
ਔਹ ਵੇਖੋ ਜੀ
ਤੱਕੋ, ਲਖ਼ਸ਼ਮੀ
ਅਤੇ 'ਸੁਵਾਏ'
'ਅੰਨ-ਪੂਰਨਾ'
'ਨਿਊ-ਨਾਨਕਿਨ'
'ਕਾਮ ਧੇਨੂੰ' ਵਿਚ
ਕਰੋ ਨਾਸ਼ਤੇ
ਸਸਤੇ ਨਾਅਰੇ
ਸੌਦੇ ਮਹਿੰਗੇ
ਭਾਗਾਂ ਵਾਲੇ
ਦੇਸ਼ ਦੇ ਅੰਦਰ
ਵੇਖੋ ਮਮਤਾ
ਬਾਲ ਇੰਝਾਣੇਂ
ਢਾਕੇ ਲਾਈ
ਮਾਵਾਂ ਏਥੇ
ਗਿਰਦ ਪਈਆਂ
ਮੰਡਲਾਵਨ ਹਵੱਸਾਂ
ਨਿੱਕੀਆਂ ਕੁੜੀਆਂ
ਨਿੱਕੇ ਮੁੰਡੇ
ਚਿਹਰਿਆਂ ਤੇ
ਮਜਬੂਰੀ ਹੋਵੇ
ਕੁੱਖ ਕੁਰਲਾਵੇ
ਜਗ੍ਹਾ ਜਗ੍ਹਾ
ਵੇਚਣ ਅਖ਼ਬਾਰਾਂ
ਆਵੋ ਜੀ,
'ਮਦਰਾਸੀ ਹੋਟਲ'
ਉਹ ਵੀ ਹੈ
ਦਿੱਲਾਂ ਦਾ ਤੁਹਫਾ
'ਉਪਮਾ' 'ਚਾਵਲ'
'ਚਿੰਤਾ-ਪੰਡੂ'
'ਉਂਡੂ' 'ਏਲਪੋ'
ਸਾਬਰ ਛੋਨਾ
'ਤੀਸਕੋ' 'ਪਟਕੋ'
'ਪਪੂ'-'ਨੀਲੂ'
'ਇਡਲੀ' 'ਭੱਜੀਆ'
'ਚਾਏ' 'ਕੌਪੀ'
'ਗੁਪ-ਚੁਪ ਬਈਟੋ'
ਹੱਲਾ ਕਾਏ ਕੂ
ਕਰਤਾ ਬਾਬੂ'' ?

'ਚੀਨੀ ਹੋਨਾ ' ?
'ਨੱਕੇ ਬਾਵਾ'
'ਮਿਰਚੀ ਖਾਓ'
'ਮਿੱਕਚਰ ਖਾਓ'
'ਪਾਨ ਚਬਾਓ'
'ਕਰੋ ਜੁਗਾਲੀ
ਤੰਬੇ ਲਾਈ
ਕਮਰਾਂ ਕੱਸੀ
ਬਹਿਰੇ ਘੁੰਮਣ
ਪਾਰੇ ਵਾਂਗੂੰ
ਕਾਹਲੇ ਕਾਹਲੇ
ਏਧਰ ਓਧਰ
ਟੱਪਦੇ ਫਿਰਦੇ
ਬੋਦੀਆਂ ਹਿੱਲਣ
ਐਨਕਾਂ ਹਿੱਲਣ
ਅੱਧੀਆਂ ਟਿੰਡਾਂ
ਅੱਧੇ ਬੋਦੇ
ਢਿਲਕਨ ਚੂੰਡੇ
ਮੱਥਿਆਂ ਤੇ
ਚੰਦਨ ਦੇ ਪੋਚੇ
ਕਾਲੇ ਕਾਲੇ
ਭੂੰਡਾਂ ਵਰਗੇ
ਮਦਰੇ ਮਦਰੇ
ਕੱਦੂਆਂ ਵਰਗੇ
ਹੱਸਦੇ ਨੇ ਤਾਂ
ਰੋਂਦੇ ਜਾਪਣ

ਸੋਟੀਆਂ ਆਵਨ
ਥੈਲੇ ਜਾਵਨ
ਮੁੱਠਾਂ ਵਿਚ
ਮਰੋੜੇ ਹੋਏ
ਡੋਲੀ, ਮਾਸਕ,
ਵੀਕਲੀ ਪੇਪਰ
ਵਿਹਲੀਆਂ ਹੋਵਨ
ਰੁਕਣ ਕੁਰਸੀਆਂ
ਹੋਵਨ ਬਹਿਸਾਂ
ਵੱਡੇ ਮਕਸੱਦ
ਬਾਝ ਨਤੀਜੇ
ਕਾਊਂਟਰ ਤੇ
ਮੁਰਝਾਇਆ ਚਿਹਰਾ
ਸਭ ਤੋਂ ਬਿੱਲ
ਵਸੂਲੀ ਜਾਵੇ
ਬੰਦੇ ਆਵਨ
ਆਰਡਰ ਦੇਵਨ
ਧੋਵਨ ਹੱਥ ਤੇ
ਕਰਨ ਚੂਲੀਆਂ
ਲੈਣ ਡਕੂਆਰਾਂ
ਤੁਰਦੇ ਜਾਵਨ
ਚੱਲੋ ਸੈਂਟਰ
ਪਾਰਕ ਘੁੰਮੀਏ
ਰੂਹ ਨੂੰ ਕਿਧਰੇ
ਮਿਲੇ ਤਸੱਲੀ
ਵਜਦੀ ਕਿਧਰੇ

ਦਿਲ ਤੇ ਠੇਸ :—
ਤਕਿਆ ਅਸਾਂ
ਕਨਾਟ ਪਲੇਸ ।

(9)

ਜੀਕੂੰ ਮਖ਼ਮਲ
ਹੋਏ ਵਿਛਾਈ
ਹਰੀ ਹਰੀ ਇਹ
ਘਾਹ ਪਾਰਕ ਦੀ
ਕਹੀ ਪਿਆਰੀ
ਨਜ਼ਰ ਨੂੰ ਲੱਗੇ
ਸੁਰਖ਼ ਤਿਤਲੀਆਂ
ਨੀਲਮ ਪਰੀਆਂ
ਨੈਨ ਨਰਗਸੀ
ਧੱਕੀਆਂ ਉਮਰਾਂ
ਅੱਧਖੜ ਜਿੰਦਾਂ
ਅੱਲ੍ਹੜ ਸ ਦਾ
ਪੋਂਡੂ ਨਕਸ਼ੇ
ਉਠਦੇ ਗੀਤ, ਤੇ
ਭੋਲੇ ਜੋਬਨ
ਮਿਧੀਆਂ ਕਲੀਆਂ
ਕੋਮਲ ਗੁੰਚੇ
ਚੁਸਤ ਪਹਿਰਾਵੇ
ਢਿੱਲੇ ਕਪੜੇ
'ਦਗ਼ਾ ਦਾ ਰੌੜਾ'
'ਜੌੜੇ ਖ਼ਾਨਾ'
'ਵੂਈ ਵੂਈ ਓ
ਖ਼ੁਸ਼ ਹਾਲੇ ਲਾਲਾ'
ਖ਼ਾਨ ਪਿਸ਼ੌਰੀ
ਖ਼ਾਨ ਕਾਬਲੀ
ਸੂਹੇ ਸੁਰਖ਼
ਟਮਾਟਰ ਚਿਹਰੇ
ਭਿਆਨਕ ਸ਼ਕਲਾਂ
ਜਾਬਰ ਮੁਰਦੇ
'ਇਕੜੇ ਤਿਕੜੇ'
'ਹੇਡੇ-ਇੱਚ
'ਸੁੱਠੋ ਸਾਈਂ!
'ਕੇ ਮੋਨ ਮੋਸ਼ਾਏ'
'ਭਾਲੋ ਦਾਦਾ'
'ਈਂਘੇ ਆ ਰੀ
ਛੰਰੇ ਕੀ ਮਾਂ
ਨਕਸ਼ ਨਿਪਾਲੀ
ਤੇ ਗੜ੍ਹਵਾਲੀ
ਭਾਰੇ ਜੁੱਸੇ
ਜਾਟ ਰੋਹਤਕੀ
ਹਲਕੇ ਉੱਡਨ,
ਖਟੋਲੇ ਬਾਬੂ
'ਆਓ ਭਰਾ ਜੀ' !
'ਚਲੋ ਭੈਣ ਜੀ'
'ਸੁਣੋਂ ਸੁਹਣਿਓ'
'ਵੇਖੋ-ਸੈਂਡਿਲ'

ਧੌਲਿਆਂ ਅੰਦਰ
ਸ਼ੋਖ਼ ਹੁਸਨ
ਅੰਗੜਾਈਆਂ ਲੈਂਦੇ
ਝੁਰੜੀਆਂ ਦੇ ਵਿਚ
'ਸੀਤਾ' ਜਹੀਆਂ
'ਦੁਰਗਾ' ਜਹੀਆਂ
ਦੇਵੀਆਂ ਭਟਕਣ
ਸਿਗਟਾਂ ਵਾਂਗੂ
ਫੂਕਣ ਆਸ਼ਾਂ
ਚਾਹਾਂ ਵਾਗੂ
ਪੀਣ ਇਰਾਦੇ
ਜੁੱਤੀਆਂ ਵਾਂਗ
ਹੰਡਾਵਨ ਸੁਫਨੇ
ਪੀਕਾਂ ਵਾਂਗੂ
ਥੁੱਕਣ ਸੱਧਰਾ
ਜਾਗਣ ਰਾਤਾਂ
ਦਿਨ ਉੱਘਲਾਵਨ
ਨੂਰ ਹਨੇਰੇ
ਸਿਆਹ ਉਜਾਲੇ
ਕੁਝ ਨਾ ਦਿੱਸੇ
ਭਟਕਣ ਨਜ਼ਰਾਂ
ਕੱਕੇ ਵਾਲ
ਭੂਰੀਆਂ ਮੁਛਾਂ
'ਜਾਂਭੋ-ਬਾਨ੍ਹਾਂ'
ਕਮ ਆਨ ਡਾਰਲਿੰਗ
ਬਾਈ ! ਬਾਈ !

ਟਾਟਾ ! ਟਾਟਾ !
'ਆ ਵੇ ਮੁੰਡੂ'
'ਜ਼ਾਲਿਮ ਸਈਆਂ'
'ਮਾਨੈਂ ਨਾਹੀਂ'
'ਕੇ ਕਰਦੇ ਓ' ?
'ਮੌਜ ਏ ਭਾਪੇ'
'ਸੂ ਛੇ ਮ੍ਹਾਉ ?'
'ਕੇਮ ਛੇ ਕਾਕਾ' ?
'ਖਾਲੀ ਪੀਲੀ
'ਦੰਗਾ ਕਰਤਾ'
'ਬੂਮ ਮਾਰਤਾ'
'ਆਲੂ ਛੋਲੇ'
'ਚਨਾ ਹੈ ਚਟ ਪਟ'
'ਗਾਜਰ ਕਾਂਜੀ'
'ਹਰੱਰ ਕਾ ਪਾਣੀ'
'ਮੂੰਗ ਫਲੀ ਹੈ'
'ਗਰਮ ਗਰਮ ਹੈ'
'ਮੀਠੇ ਛੋਲੇ'
'ਖ਼ਸਤਾ ਬਿਸਕੁਟ'
'ਰਗ ਬਿਰੰਗੇ'
'ਮੇਰੇ ਗੁਬਾਰੇ'
ਚੀਨੀ ਗੁੜੀਆ
ਜਰਮਨ ਪੁਤਲੇ
ਮੰਗਲੋਰੀ, ਈਰਾਨੀ
ਮਾਲਾ ਬਾਰੀ ਅਤੇ
ਕੁ-ਚੀਨੀ ਬੰਦੇ

ਉਪਾਸ਼ਕ

ਛੱਤੀ ਗੜ੍ਹੀਏ
ਅਤੇ ਬਿਹਾਰੀ
ਹਰ ਇਕ ਚਿਹਰਾ
ਹਰ ਪਹਿਰਾਵਾ
ਮਸਤ ਹੈ ਆਪਣੇ
ਰੰਗ ਦੇ ਅੰਦਰ
ਹੌਕੇ ਤੜਪਨ
ਤਾਸ਼ਾਂ ਵੱਜਣ
ਹਾਸੇ ਖੜਕਨ
ਊਠਾਂ ਦੇ ਗੱਲ
ਟੱਲੀਆਂ ਛਣਕਣ
ਗਧਿਆਂ ਦੇ ਗੱਲ
ਸੰਦਲੀ ਬਾਹੰਵਾਂ
ਬਾਂਦਰਾਂ ਅੱਗੇ
ਝਾਂਜਰਾਂ ਨੱਚਣ
ਸੋਦੇ ਕਰਨ
ਬਹਿਸ਼ਤੀ ਹੂਰਾਂ
ਇਹ, ਜ਼ਹਿਨੀਅਤ
ਓਹ, ਮਜਬੂਰੀ
ਵਿਗੜੇ ਖ਼ਿਆਲ
ਸੁਸੈਟੀ ਉੱਚੀ
ਫ਼ਖ਼ਰ ਹੈ ਮੈਨੂੰ
ਆਪਣੇ ਆਪ ਤੇ
ਬੈਂਚਾਂ ਉੱਤੇ
ਹੋਣ ਉਡੀਕਾਂ
ਘਾਹ ਤੇ ਜ਼ਿੰਦਗੀ

ਲਵੇ ਕਰਵਟਾਂ
'ਹੰਨੇ ਆਵੋ'
'ਮੋਰੇ ਭਈਅਨ'
'ਸ਼ੇਅਰ ਅਰਜ਼ ਹੈ'
'ਵਾਹ ਵਾ, ਵਾਹ ਵਾ'
'ਕਿਆ ਕਹਿਨੇ ਹੈਂ ?
'ਟਾਂਗ ਤੋੜ ਦੀ'
'ਗਾਲਿਬ' ਕੀ ਭੀ
'ਤੁਮ ਨੇ ਸਾਹਿਬ'
'ਕਿਆ 'ਜਿਗਰ' ਹੈ' ?
'ਕਿਆ 'ਜੋਸ਼' ਹੈ ?
ਤੁਮ ਹੋ ਆਜ ਕੇ
ਆਲ੍ਹਾ ਸ਼ਾਇਰ'
'ਸਿਗਰਟ ਲੇ ਦੋ'
'ਚਾਇ ਪਿਲਾ ਦੋ'
ਪਾਨ ਖਿਲਾ ਦੋ ।
'ਹਮ ਤੋ ਆਪ ਕੇ
ਖ਼ਾਦਿਮ ਠਹਿਰੇ'
'ਲਿਖ ਕਰ ਦੇਂਗੇ'
'ਲਿਫਟ ਭੀ ਦੇਂਗੇ'
'ਰਾਜ਼ ਹਮਾਰੇ
ਰਾਜ਼ ਰਹੇਂਗੇ
'ਅਮਾਂ ਸੁਨਾਓ
ਕਿਆ ਕਰਤੇ ਹੋ ?'
ਕਰੇ ਖੁਸ਼ਾਮਦ
ਅਦਬ ਦੇਸ਼ ਦਾ

ਨੋਟਾਂ ਤੇ
ਮੋਹਰਾਂ ਮੁਸਕਾਵਨ
ਸਹਿਕੇ ਸਾਹਿਤ
ਬੂਟਾਂ ਥੱਲੇ
ਜੇਬ ਦੇ ਅੰਦਰ
ਕੌਡੀ ਕੋਈ ਨਾ
ਥਾਂ ਥਾਂ ਸੁੱਤੀ
ਦਿੱਸੇ ਬੇ-ਕਾਰੀ
ਭੇਸ ਬਦਲ ਕੇ
ਫਿਰਨ ਵਪਾਰੀ
ਕੋਈ ਖ਼ੁਦੀ
ਕੋਈ, ਅਸਮਤ ਵੇਚੇ
ਵੇਚੇ ਕੋਈ
ਦਰੀਆਂ ਤੇ ਖੇਸ :—
ਤਕਿਆ ਅਸਾਂ
ਕਨਾਟ ਪਲੇਸ।

(10)

ਜੀਹਨੇ ਬਣਾਈ
ਹੈ ਇਹ ਜੰਨਤ
ਇਸ ਨੂੰ ਮੁੜ ਉਹ
ਵੇਖ ਨਾ ਸਕਿਆ
ਮਾਣ ਨਾ ਸਕਿਆ
ਉਹਦੇ ਹਿਸ
ਅਜੇ ਨਾ ਕੁਲੀ
ਉਹਨੂੰ ਅਜੇ ਨਾ
ਰੱਜਵੀਂ ਰੋਟੀ
ਉਹਦੀਆਂ ਪੁਸ਼ਤਾਂ
ਨਾਲ ਬੇ ਕਦਰੀ
ਮਰਦੀਆਂ ਆਈਆਂ
ਮਰ ਰਹੀਆਂ ਨੇ
ਉਹਦੇ ਹਿੱਸੇ
ਉਹੀਓ ਕੁੜਤੀ
ਉਹੀਓ ਪਾਟੀ
ਪਗੜੀ-ਧੋਤੀ
ਉਹਦੇ ਬੱਚੇ
ਰੁਲਦੇ ਪਏ ਨੇ
ਉਹਦੀ ਮਲਕਾ
ਓਹਦੀ ਇੱਜ਼ਤ
ਲੀਰਾਂ ਅੰਦਰ
ਓਹੀਓ ਬੰਡੀ
ਓਹੀਓ ਲਹਿੰਗਾ
ਓਹਦੇ ਮਾਂ, ਪਿਓ
ਤੇ ਖ਼ੁਦ ਆਪ ਉਹ
ਉਹਦੀ ਨੂੰਹ ਤੇ
ਉਹਦਾ ਪੁੱਤਰ
ਉਹਦੀ ਬੱਚੀ
ਉਹਦਾ ਜੁਆਈ
ਜਨਮ ਜਨਮ ਤੋਂ
ਪੱਥਰਾਂ ਦੇ ਨਾਲ
ਘੁਲਦੇ ਆਏ

ਘੱਲਦੇ ਨੇ ਪਏ
ਅਜ ਵੀ ਵੇਖੋ
ਪਰ੍ਹਾਂ ਉਹ ਬੈਠਾ
ਰੋੜੀ ਕੁੱਟੇ
ਸਾਹਮਣੇ ਬੈਠੀ
ਨੂੰਹ ਵੀ ਉਹਦੀ
ਪੱਥਰ ਤੋੜੇ
ਲਾਗੇ ਡੰਡੇ
ਵਾਲਾ ਮੁਨਸ਼ੀ
ਚਿੱਟੀ ਪਗ ਦਾ
ਤੁੱਰਾ ਛੱਡ ਕੇ
ਨੂੰਹ ਉਹਦੀ ਦੀ
ਵੇਖ ਸੁੰਦਰਤਾ
ਮੁਛਾਂ ਵੱਟੇ
ਅੱਖਾਂ ਮਾਰੇ
'ਤਾਂਤੀਆ' ਤੇ
'ਨਾਨਾ' ਦੀ ਗੈਰਤ
ਮਹਾਰਾਣਾ
'ਪ੍ਰਤਾਪ' ਦੇ ਜਜ਼ਬੇ
ਝਾਂਸੀ ਦੀ
ਰਾਣੀਂ ਦੀ ਜਾਏ
ਹਿੱਕਾਂ ਉੱਤੇ
ਕਾਲੇ ਫਨੀਅਰ
ਸਹੁਰਾ ਤੱਕੇ
ਸੱਸ ਵੀ ਵੇਖੇ
ਬੋਲ ਨਾ ਸੱਕਣ

ਅੰਦਰੋਂ ਅੰਦਰੀਂ
ਲੈਣ ਲੂਹਰੀਆਂ
ਚੰਦਰੇ ਢਿੱਡ ਦੇ
ਬੜੇ ਪੁਆੜੇ
ਵਾਹ ਓਏ ਤੇਰੇ
ਲੰਡਨ ਦੇ
ਅੱਯਾਰ ਮਦਾਰੀ
ਤੜਕੇ ਤੜਕੇ
ਭੰਗਣਾਂ, ਭੰਗੀ
ਇਸ ਨਗਰੀ ਦੀ
ਕਰਨ ਸਫ਼ਾਈ
ਛਿੱਲੜ ਹੂੰਝਣ
ਡੂਨੇ ਚੁੱਕਣ
ਸਾਫ ਕਰਨ
ਪਾਨਾਂ ਦੀਆਂ ਪੀਕਾਂ
ਉਨ੍ਹਾਂ ਦੇ ਭਾਗੀਂ
ਓਹੀਓ ਈ ਛੱਪਰ
ਧੁਆਂਖੀਆਂ ਛੱਤਾਂ
ਟੁੱਟੇ ਬੂਹੇ
ਬਿਲੀਆਂ ਨਾਲੋਂ
ਮੋਟੇ ਚੂਹੇ
ਇਕ ਇਕ
ਘਰ ਵਿਚ
ਛੇ ਛੇ ਟੱਬਰ
ਤਿੰਨ ਤਿੰਨ ਪੁਸ਼ਤਾਂ
ਦਿਲ ਦੇ ਅੰਦਰੋਂ

ਹਉਕੇ ਉੱਠਣ
ਕਦ ਤਕ ਰਹਿਸਨ
ਕਾਣੀਆਂ ਵੰਡਾਂ ?
ਗ਼ਲਤ ਕੀਮਤਾਂ ?
ਕਦ ਤੋੜੀ ਹੈਂਕੜ
ਤੇ ਹੱਕ ਦਾ
ਚਲਦਾ ਰਹੂ
ਇਹ ਅੰਨ੍ਹਾਂ ਚੱਕਰ ?
ਐਨੇ ਟੋਏ ?
ਐਨੇ ਟਿੱਬੇ ?
ਬੁੱਲ੍ਹਾਂ ਤੇ
ਇਖ਼ਲਾਕ ਦੇ ਨਾਅਰੇ
ਪਰ ਇਖ਼ਲਾਕ ਦਾ
ਨਾਉਂ ਨਾ ਜਾਨਣ
ਇਹ ਇਨਸਾਨ
ਕਹਾਵਣ ਵਾਲੇ
ਕਦ ਤੀਕਰ
ਇਨਸਾਨ ਬਣਨਗੇ ?
ਧਰ ਤੋਂ ਇੱਜ਼ਤਾਂ
ਲੁੱਟਦੇ ਆਏ
ਖ਼ਤਮ ਹੋਣਗੇ
ਕਦ ਇਹ ਮੁਨਸ਼ੀ ?
ਹੱਕ ਕਿਸੇ ਦਾ
ਖਾਵਣ ਵਾਲੇ
ਖ਼ਤਮ ਹੋਣਗੇ
ਕਦ ਇਹ ਬਨੀਏਂ ?

ਲਿਸ਼ਕ ਪੁਸ਼ਕ ਦੇ
ਭੰਗਣਾਂ ਭੰਗੀ
ਹੋਰ ਕਈ
ਮੁਹਬਤ ਦੇ ਮਾਰੇ
ਕਦ ਤੋੜੀ
ਘੁੰਮਣਗੇ ਤੇ
ਚਹਿਕਣਗੇ ਏਥੇ ?
ਕਦ ਸੁਧਰੂ
ਮਜ਼ਦੂਰ ਦੀ ਹਾਲਤ ?
ਮਰਸੀ ਸਾਹਿਤਕਾਰ
ਕਦੋਂ ਤਕ ?
ਕਦ ਤਕ ਰਹਿਸਨ
ਮਹਿਲ ਤੇ ਛੰਨਾਂ
ਕਦ ਤੋੜੀ
ਸੋਹਣੀਂ ਤੇ ਪਿਆਰੀ
ਜ਼ਿੰਦਗੀ ਦੀ
ਤਸਵੀਰ ਬਣੇਗੀ ?
ਇੰਦਰ ਪੁਰੀ ਦੀ
ਸੁੰਦਰ ਝਾਕੀ
ਪੈਸੇ ਬਾਝੋਂ
ਫਿੱਕੀ ! ਫਿੱਕੀ !!
ਰੁੱਖੀ ! ਰੁੱਖੀ !!
ਕੌੜੀ ! ਕੌੜੀ !!
ਅਣਖਾਂ ਵਾਲਿਓ
ਰੱਖੋ ਅਣਖਾਂ
ਅਕਲਾਂ ਵਾਲਿਓ

ਉਪਾਸ਼ਕ

ਸਾਂਭੋ ਅਕਲਾਂ
ਲੋੜ ਨਾ ਕੋਈ
ਏਥੇ ਪੈਸੇ
ਲੈ ਕੇ ਆਵੋ
ਜਾਂ ਫਿਰ ਗ਼ੈਰਤ
ਗਹਿਣੇ ਪਾਵੋ
ਜ਼ਿੰਦਗੀ ਹੱਸੇ
ਜ਼ਿੰਦਗੀ ਰੋਵੇ
ਖ਼ੁਦ ਦਾਰੀ ਪਈ
ਕਰੇ ਸਿਆਪਾ
ਚਿਰ ਤੋਂ ਸੂਰਜ,
ਚੰਦ ਸਿਤਾਰੇ,
ਵੇਖਣ ਔਂਦੇ
ਨਵੇਂ ਨਜ਼ਾਰੇ

ਆਪ ਸੁਦਾਗਰ
ਆਪ ਈ ਸੌਦੇ
ਚਿਹਰੇ ਕੀ ਕੀ
ਭੇਸ ਬਦਲ ਦੇ ?
ਢਹਿੰਦੀ ਕਲਾ ਤੇ
ਜਾਗ੍ਰਿਤ ਦੇਵੇਂ
ਹਰ ਥਾਂ ਪੈਲਾਂ
ਪਾਉਂਦੀਆਂ ਤੱਕੀਆਂ
ਮੁਹਰਾਂ ਵਾਲੇ
ਕਾਗ਼ਜ਼ਾਂ ਉੱਤੇ
ਫਿਰਦੇ ਵੇਖੇ
ਦੇਸ਼-ਬਿ-ਦੇਸ਼ :—
ਤਕਿਆ ਅਸਾਂ
ਕਨਾਟ ਪਲੇਸ ।

"....."...ਦੇ ਨਾਉਂ

ਇਕ ਖ਼ਤ !

ਬੀਤ ਗਈ, ਕੁਝ, ਬੀਤ ਰਹੀ ਏ, ਰਹਿੰਦੀ ਖੂੰਹਦੀ, ਬੀਤ ਜਾਏਗੀ।
ਯਾਦ ਤੇਰੀ ਦਾ, ਲੈ ਇਕਤਾਰਾ, ਜ਼ਿੰਦਗੀ ਗੌਂਦੀ, ਗੀਤ ਜਾਏਗੀ।

ਯਾਦ ਦੀਆਂ ਨਜ਼ਰਾਂ ਦੇ ਸਾਹੰਵੇ, ਘੁੰਮਦੀਆਂ ਨੇ ਖ਼ਿਆਲੀ ਤਸਵੀਰਾਂ।

ਤੋਰ ਮਟਕਵੀਂ ਹੱਥ ਕਿਤਾਬਾਂ, ਸੁਰਖ਼ ਦੁਪੱਟਾ, ਫਰ ਫਰ ਕਰਦਾ।
ਰੂਪ ਤੇਰੇ ਦੀਆਂ, ਲਵੇ ਬਲਾਵਾਂ, ਲਹਿਰੀਆ ਚੀਰਾ, ਸਰ ਸਰ ਕਰਦਾ।

ਯਾਦ ਦੀਆਂ ਨਜ਼ਰਾਂ ਦੇ ਸਾਹੰਵੇਂ, ਘੁੰਮਦੀਆਂ ਨੇ ਖ਼ਿਆਲੀ ਤਸਵੀਰਾਂ।

ਕੱਢ ਕੇ ਇਕ, ਕੋਨੇ ਤੇ 'ਬੱਬਾ', ਤੇਰਾ ਮੈਨੂੰ, ਰੁਮਾਲ ਫੜੌਣਾ।
ਖੋਦਿਆ ਹੋਣਾ, ਜਿਸ ਤੇ 'ਊੜਾ', ਮੈਂ ਤੈਨੂੰ, ਮੁੰਦਰੀ ਪਹਿਨੌਣਾਂ।

ਯਾਦ ਦੀਆਂ ਨਜ਼ਰਾਂ ਦੇ ਸਾਹੰਵੇਂ, ਘੁੰਮਦੀਆਂ ਨੇ ਖ਼ਿਆਲੀ ਤਸਵੀਰਾਂ।

ਲਖ ਚਾਹੁੰਣਾਂ, ਪਰ ਇਕ ਦੂਜੇ ਦੇ, ਗੱਲ ਲੱਗ ਆਪਾਂ ਰੋ ਨਾ ਸਕਣਾਂ।
ਬਹਿ ਜਾਣਾ ਬਦਨਾਮੀਆਂ ਲੈ ਕੇ, ਇਕ ਦੂਜੇ ਦੇ ਹੋ ਨਾ ਸਕਣਾਂ।

ਯਾਦ ਦੀਆਂ ਨਜ਼ਰਾਂ ਦੇ ਸਾਹੰਵੇਂ, ਘੁੰਮਦੀਆਂ ਨੇ ਖ਼ਿਆਲੀ ਤਸਵੀਰਾਂ।

ਕਰ ਕਰ ਜੇਰੇ ਔਣਾਂ ਸਾਹੰਵੇਂ, ਗੱਲ ਕਰਨੋਂ ਦੋਹਾਂ ਸ਼ਰਮਾਣਾਂ।
ਨਾਲ ਨਿਗਾਹਾਂ, ਕਰਨੇ ਵਾਅਦੇ, ਮੁੜ ਮੁੜ ਦੋਹਾਂ ਵਿਹੰਦਿਆਂ ਜਾਣਾਂ।

ਯਾਦ ਦੀਆਂ ਨਜ਼ਰਾਂ ਦੇ ਸਾਹੰਵੇਂ, ਘੁੰਮਦੀਆਂ ਨੇ ਖ਼ਿਆਲੀ ਤਸਵੀਰਾਂ।

ਬਣ ਬਣ ਜਾਣਾਂ ਕਿਸੇ ਦਾ ਕੈਦੀ, ਤੂੰ ਪੈ ਜਾਣਾਂ ਵੱਸ ਪਰਾਏ।
ਕੀ ਕੀ ਦੱਸਾਂ ਯਾਦ ਤੇਰੀ ਵਿਚ, ਕਿਵੇਂ ਕਿਵੇਂ ਮੈਂ ਨੀਰ ਵਹਾਏ।

ਯਾਦ ਦੀਆਂ ਨਜ਼ਰਾਂ ਦੇ ਸਾਹੰਵੇ, ਘੁੰਮਦੀਆਂ ਨੇ ਖ਼ਿਆਲੀ ਤਸਵੀਰਾਂ।

ਉਹਨੂੰ ਮਿਲੀਆਂ ਬੇ-ਪਰਵਾਹੀਆਂ, ਮੈਨੂੰ ਮਿਲੀ ਆਵਾਰਾ-ਗਰਦੀ
ਹੁਸਨ, ਵਫਾ ਦੀ ਉਹ ਇਕ ਦੇਵੀ, ਮਰ ਗਈ ਹਉਕੇ ਭਰਦੀ ਭਰਦੀ।

ਯਾਦ ਦੀਆਂ ਨਜ਼ਰਾਂ ਦੇ ਸਾਹੰਵੇਂ, ਘੁੰਮਦੀਆਂ ਨੇ ਖ਼ਿਆਲੀ ਤਸਵੀਰਾਂ।

ਚਾਹਿਆ ਚੰਗਾ ਜੀਵਨ ਸਾਥੀ, ਚਾਹਿਆ ਇੱਜ਼ਤ ਦਾਰ ਗੁਜ਼ਾਰਾ।
ਆਸ ਮੇਰੀ ਦੀ ਕਸ਼ਤੀ ਤਾਈਂ, ਦਿੱਸ ਕੇ ਲੁਕਦਾ ਰਿਹਾ ਕਿਨਾਰਾ।

ਯਾਦ ਦੀਆਂ ਨਜ਼ਰਾਂ ਦੇ ਸਾਹੰਵੇਂ, ਘੁੰਮਦੀਆਂ ਨੇ ਖ਼ਿਆਲੀ ਤਸਵੀਰਾਂ।

ਤੈਨੂੰ ਆਪਣੀ ਕਵਿਤਾ ਜਾਤਾ, ਪਿਆਰ ਨਾ ਬਣਿਆਂ ਮੇਰਾ ਵਪਾਰੀ।
ਫਾਕੇ ਕੱਟਦੀ ਰਹੀ ਸ਼ਰਾਫਤ, ਮੌਜਾਂ ਲੁਟਦੇ ਰਹੇ ਵਪਾਰੀ।

ਯਾਦ ਦੀਆਂ ਨਜ਼ਰਾਂ ਦੇ ਸਾਹੰਵੇਂ, ਘੁੰਮਦੀਆਂ ਨੇ ਖ਼ਿਆਲੀ ਤਸਵੀਰਾਂ।

ਰਹਿ ਰਹਿ ਚਾਹਿਆ ਸਾਊ ਬਣਨਾ, ਦੁਨੀਆਂ ਨੇ ਸ਼ੈਤਾਨ ਬਣਾਇਆ।
ਤੇਰਾ ਫਰਿਸ਼ਤਾ-ਖ਼ਸਲਤ ਬਰਦਾ, ਲੋਕਾਂ ਤੋਂ ਅੱਯਾਸ਼ ਕਹਾਇਆ।

ਯਾਦ ਦੀਆਂ ਨਜ਼ਰਾਂ ਦੇ ਸਾਹੰਵੇਂ, ਘੁਮਦੀਆਂ ਨੇ ਖ਼ਿਆਲੀ ਤਸਵੀਰਾਂ।

ਘਰ ਵਾਲੀ ਦੀ ਮੌਤ ਦੇ ਪਿਛੋਂ, ਜ਼ਿੰਦਗੀ ਵਿਚ ਇਕ ਔਰਤ ਆਈ।
ਜਿਸ ਨੇ ਮੈਨੂੰ ਸ਼ੁਹਰਤ ਦੇ ਕੇ, ਅਸਲੋਂ ਮੇਰੀ ਅਲਖ ਮੁਕਾਈ।

ਯਾਦ ਦੀਆਂ ਨਜ਼ਰਾਂ ਦੇ ਸਾਹੰਵੇਂ, ਘੁੰਮਦੀਆਂ ਨੇ ਖ਼ਿਆਲੀ ਤਸਵੀਰਾਂ।

ਫਿਰ ਕੁਝ ਐਸੀ ਹਾਲਤ ਹੋ ਗਈ, ਰਾਮ ਨੇ ਐਸੇ ਰਾਗ ਅਲਾਪੇ।
ਮਰਦ, ਇਸਤਰੀ, ਹਰ ਚਿਹਰੇ ਤੇ, ਆਪਣੇ ਈਂ ਜ਼ਖ਼ਮ ਉਲੀਕੇ ਜਾਪੇ।

ਯਾਦ ਦੀਆਂ ਨਜ਼ਰਾਂ ਦੇ ਸਾਹੰਵੇਂ, ਘੁੰਮਦੀਆਂ ਨੇ ਖ਼ਿਆਲੀ ਤਸਵੀਰਾਂ।

ਰੰਗ ਬਰੰਗੇ, ਝੰਡਿਆਂ ਥੱਲੇ, ਬਣ ਕੇ ਨਚਦਾ ਰਿਹਾਂ ਸ਼ੁਦਾਈ।
ਢਿੱਡ ਚੰਦਰੇ ਲਈ ਡੰਗਰਾਂ ਅੱਗੇ, ਮੈਂ ਕਵਿਤਾ ਦੀ ਬੀਨ ਵਜਾਈ।

ਯਾਦ ਦੀਆਂ ਨਜ਼ਰਾਂ ਦੇ ਸਾਹੰਵੇਂ, ਘੁੰਮਦੀਆਂ ਨੇ ਖ਼ਿਆਲੀ ਤਸਵੀਰਾਂ।

ਭੈਣਾਂ, ਅਤੇ ਭਰਾਵਾਂ ਕੋਲੋਂ, ਕਿਵੇਂ, ਕਿਵੇਂ, ਮੈਂ ਧੋਖੇ ਖਾਧੇ।
ਕਿਕੂੰ ਕੌਸਰ ਜਾਣ ਜਾਣ ਕੇ, ਪੀ ਗਿਆਂ ਸਾਰੇ ਘਾਟੇ ਵਾਧੇ।

ਯਾਦ ਦੀਆਂ ਨਜ਼ਰਾਂ ਦੇ ਸਾਹੰਵੇਂ ਘੁੰਮਦੀਆ ਨੇ ਖ਼ਿਆਲੀ ਤਸਵੀਰਾਂ।

ਪਰਖ ਬਦੀ ਨੇਕੀ ਦੀ ਭੁੱਲੀ, ਕੌਣ ਫਰਿਸ਼ਤੇ, ਕੌਣ ਕਸਾਈ?
ਕੌਣ ਏਂ ਦੇਵੀ ਕੌਣ ਵੇਸਵਾ, ਜੱਗ ਨੇ ਐਸੀ ਸੁਰਤ ਭੁਲਾਈ।

ਯਾਦ ਦੀਆਂ ਨਜ਼ਰਾਂ ਦੇ ਸਾਹੰਵੇਂ, ਘੁੰਮਦੀਆਂ ਨੇ ਖ਼ਿਆਲੀ ਤਸਵੀਰਾਂ।

ਦਿਲ ਧਰਤੀ ਤੋਂ ਜਾਮ ਸੁਰਾਹੀਆਂ, ਤੇਰੇ ਨਕਸ਼ ਮਿਟਾ ਨਾ ਸਕੇ।
ਹਾਰ ਗਏ ਕਈ ਹੁਸਨ ਬਾਜ਼ਾਰੀ, ਤੇਰਾ ਖ਼ਿਆਲ ਭੁਲਾ ਨਾ ਸਕੇ।

ਯਾਦ ਦੀਆਂ ਨਜ਼ਰਾਂ ਦੇ ਸਾਹੰਵੇਂ, ਘੁੰਮਦੀਆਂ ਨੇ ਖ਼ਿਆਲੀ ਤਸਵੀਰਾਂ।

ਹੱਵਸ ਦੀਆਂ ਸ਼ਿਤਰੰਜਾਂ ਅੰਦਰ, ਦੋਵੇਂ ਆਲਮ ਹਾਰ ਗਿਆ ਹਾਂ।
ਇਕ ਅਸੂਲ ਦੇ ਕਦਮਾਂ ਉਤੋਂ, ਹੁਸਨ ਕਈ ਮੈਂ ਵਾਰ ਗਿਆ ਹਾਂ।

ਯਾਦ ਦੀਆਂ ਨਜ਼ਰਾਂ ਦੇ ਸਾਹੰਵੇਂ, ਘੁੰਮਦੀਆਂ ਨੇ ਖ਼ਿਆਲੀ ਤਸਵੀਰਾਂ।

ਯਾਦ ਨੇ ਤੋਤਾ ਚਸ਼ਮ ਗਸ਼ਤੀਆਂ, ਯਾਦ ਨੇ ਉਹ ਭੈਣਾਂ ਤੇ ਮਾਵਾਂ।
ਅੱਖੀਆਂ ਵਿਚ ਗਿਲਿਆਂ ਦੇ ਹੰਝੂ, ਸਹਿਕਣ ਸੀਨੇ ਵਿਚ ਵਫ਼ਾਵਾਂ।

ਯਾਦ ਦੀਆਂ ਨਜ਼ਰਾਂ ਦੇ ਸਾਹੰਵੇਂ, ਘੁੰਮਦੀਆਂ ਨੇ ਖ਼ਿਆਲੀ ਤਸਵੀਰਾਂ।

ਕੋਠੀਆਂ ਵਿਚ ਕੁਲਹਿਣੀਆਂ ਤੱਕੀਆਂ, ਕੋਠਿਆਂ ਉਤੇ ਦੇਵੀਆਂ ਮਿਲੀਆਂ।
ਜਿਉਂ ਧਰਤੀ ਤੇ ਆ ਗਏ ਤਾਰੇ, ਜਿਉਂ ਲਾਟਾਂ ਤੇ ਕਲੀਆਂ ਖਿਲੀਆਂ

ਯਾਦ ਦੀਆਂ ਨਜ਼ਰਾਂ ਦੇ ਸਾਹੰਵੇਂ, ਘੁੰਮਦੀਆਂ ਨੇ ਖ਼ਿਆਲੀ ਤਸਵੀਰਾਂ।

ਕਿਧਰੇ ਚਲਨ ਚੁਫਾਲ ਡਿਗ ਪਿਆ, ਕਿਧਰੇ ਜਜ਼ਬਾ ਮੁਰਦਾ ਹੋਇਆ।
ਰਾਤ ਦਾ ਸੌਦਾ ਕਰਕੇ ਕਿਧਰੇ, 'ਬੱਚੀ ਕਹਿ ਕੇ' ਤੁਰਦਾ ਹੋਇਆ।

ਯਾਦ ਦੀਆਂ ਨਜਰਾਂ ਦੇ ਸਾਹੰਵੇਂ, ਘੁੰਮਦੀਆਂ ਨੇ ਖ਼ਿਆਲੀ ਤਸਵੀਰਾਂ।

ਜਨਤਾ ਦਾ ਵੀ ਕਰਜ਼ਾ ਸਿਰ ਤੇ, ਬੱਚਿਆਂ ਦੀ ਵੀ ਜ਼ਿੰਮੇ-ਵਾਰੀ।
ਜਾਹਲ ਤੁਅੱਸਬੀ ਆਨ੍ਹਿਆਂ ਅਗੇ, ਵਿਕਦੀ ਰਹੀ ਕਿਵੇਂ ਖ਼ੁਦ-ਦਾਰੀ ?

ਯਾਦ ਦੀਆਂ ਨਜ਼ਰਾਂ ਦੇ ਸਾਹੰਵੇਂ, ਘੁੰਮਦੀਆਂ ਨੇ ਖ਼ਿਆਲੀ ਤਸਵੀਰਾਂ।

ਅੱਧ ਵਿਚਾਲੇ ਉਮਰ ਦੀ ਜੋਗਨ, ਪੈਰ ਰਹੇ ਉਂਜ ਡੋਲ ਨੇ ਮੇਰੇ।
ਤੇਰੀ ਅਮਾਨਤ, ਪਾਕ ਮੁਹੱਬਤ, ਤੇਰੇ ਜਜ਼ਬੇ ਕੋਲ ਨੇ ਮੇਰੇ।

ਯਾਦ ਦੀਆਂ ਨਜ਼ਰਾਂ ਦੇ ਸਾਹੰਵੇਂ, ਘੁੰਮਦੀਆਂ ਨੇ ਖ਼ਿਆਲੀ ਤਸਵੀਰਾਂ।
ਇਹ ਸਮਾਜ ਦੇ ਖ਼ੂਨੀ ਪੰਜੇ, ਨੂਰੀ ਦਾਮਨ ਪਾੜ ਨਾ ਦੇਵਣ।
ਦਿਲ ਤਾਂ ਕੋਹ ਲਏ, ਬਚੀਆਂ ਖੁਚੀਆਂ, ਇਹ ਤਸਵੀਰਾਂ ਸਾੜ ਨਾ ਦੇਵਣ।

ਯਾਦ ਦੀਆਂ ਨਜ਼ਰਾਂ ਦੇ ਸਾਹੰਵੇਂ, ਘੁੰਮਦੀਆਂ ਨੇ ਖ਼ਿਆਲੀ ਤਸਵੀਰਾਂ।

ਹੋਣ ਕਈ ਮਾਸੂਮ-ਗੁਟ੍ਹਾਰਾਂ, ਹੱਸਦੇ ਪਏ ਸੱਯਾਦ ਨੇ ਲੱਖਾਂ।
ਤੇਰੇ ਮੇਰੇ ਵਾਂਗੂੰ ਸਜਨੀਂ, ਥਾਂ ਥਾਂ ਤੇ ਬਰਬਾਦ ਨੇ ਲੱਖਾਂ।

ਯਾਦ ਦੀਆਂ ਨਜ਼ਰਾਂ ਦੇ ਸਾਹੰਵੇਂ, ਘੁੰਮਦੀਆਂ ਨੇ ਖ਼ਿਆਲੀ ਤਸਵੀਰਾਂ।

ਜ਼ਿੰਦਗੀ ਲੋਚੇ, ਅਮਨ ਸ਼ਾਂਤੀ, ਬਲੀਏਂ ਚਾਹੁਣ, ਫੂਕੀਏ ਆਸ਼ਾਂ।
ਧਰਤੀ ਆਖੇ, ਫ਼ਸਲਾਂ ਝੁਮਣ, ਇਹ ਚਾਹੁੰਦੇ ਨੇ, ਬੀਜੀਏ ਲਾਸ਼ਾਂ।

ਯਾਦ ਦੀਆਂ ਨਜ਼ਰਾਂ ਦੇ ਸਾਹੰਵੇਂ, ਘੁੰਮਦੀਆਂ ਨੇ ਖ਼ਿਆਲੀ ਤਸਵੀਰਾਂ।

ਲੱਖਾਂ ਚਿਹਰੇ ਕੂਕਣ ਰੋਟੀ, ਇਹ ਆਹੰਦੇ ਨੇ ਗੋਲੀਆਂ ਖਾਵੋ।
ਗ਼ੈਰਤ ਆਖੇ ਬਣੋਂ ਦੇਵੀਆਂ, ਇਹ ਆਖਣ ਬਾਜ਼ਾਰ ਸਜਾਵੋ।

ਯਾਦ ਦੀਆਂ ਨਜ਼ਰਾਂ ਦੇ ਸਾਹੰਵੇਂ, ਘੁੰਮਦੀਆਂ ਨੇ ਖ਼ਿਆਲੀ ਤਸਵੀਰਾਂ।

'ਸੀਤਾ' ਦੀ ਪਏ ਕਰਨ ਨੀਲਾਮੀ, 'ਮਰੀਅਮ' ਦੇ ਜਜ਼ਬਾਤ ਲਿਤਾੜਨ।
'ਰਾਂਝੇ' ਨੂੰ ਚਿਮਨੀ ਵਿਚ ਝੋਕਣ 'ਹੁਸਨ 'ਹੀਰ' ਦਾ ਜੀਉਂਦਾ ਸਾੜਨ।

ਯਾਦ ਦੀਆਂ ਨਜ਼ਰਾਂ ਦੇ ਸਾਹੰਵੇਂ, ਘੁੰਮਦੀਆਂ ਨੇ ਖ਼ਿਆਲੀ ਤਸਵੀਰਾਂ।

ਮਿਲ, ਮਾਲਕ ਦੀ ਤੀਊੜੀ ਅੰਦਰ, ਉਮਰ ਕਿਸੇ ਦੀ ਚੂਰ ਹੋ ਗਈ।
'ਅਨਸੂਈਆ' ਜਹੀ ਪਾਕ ਇਸਤਰੀ, ਵਿਕਣ ਲਈ ਮਜ਼ਬੂਰ ਹੋ ਗਈ।

ਯਾਦ ਦੀਆਂ ਨਜ਼ਰਾਂ ਦੇ ਸਾਹੰਵੇਂ, ਘੁੰਮਦੀਆਂ ਨੇ ਖ਼ਿਆਲੀ ਤਸਵੀਰਾਂ।

'ਤਾਜ ਮਹਲ' ਦੇ ਗਿਰਦੇ ਛੱਪਰ, ਅੱਤ ਗ਼ਰੀਬੀ, ਅੱਤ ਅਮੀਰੀ।
ਵਾਹ ਓਏ ਅਕਲਾਂ ਵਾਲਿਆਂ ਮੂਲਕਾ, ਹਰ ਕਰਤੂਤ ਤੇਰੀ ਬੇ-ਪੀਰੀ।

ਯਾਦ ਦੀਆਂ ਨਜ਼ਰਾਂ ਦੇ ਸਾਹੰਵੇਂ, ਘੁੰਮਦੀਆਂ ਨੇ ਖ਼ਿਆਲੀ ਤਸਵੀਰਾਂ।

ਜ਼ਿੰਦਾ-ਬਾਦ-ਪਵਿਤਰ ਜਜ਼ਬੇ, ਛੱਡ ਦਈਏ ਹੁਣ ਭਰਨੀਆਂ ਆਹੰਵਾਂ।
ਹੁਣ ਨਹੀਂ ਸਜਨੀਂ ਅਸੀਂ ਇਕੱਲੇ, ਸਾਡੇ ਨਾਲ ਨੇ ਲੱਖਾਂ ਬਾਹੰਵਾਂ।

ਯਾਦ ਦੀਆਂ ਨਜ਼ਰਾਂ ਦੇ ਸਾਹੰਵੇਂ, ਘੁਮਦੀਆਂ ਨੇ ਖ਼ਿਆਲੀ ਤਸਵੀਰਾਂ।

ਮੈਂ, ਤੂੰ, ਸਾਥੀ ਅਤੇ ਸਾਥਣਾਂ, ਮਿਲ ਕੇ ਕਰੀਏ ਦੂਰ ਹਨੇਰੇ।
ਤਾਂ ਜੋ ਕਲ੍ਹ ਔਲਾਦ ਅਸਾਡੀ, ਸਾਡੇ ਵਾਂਗ ਨਾ ਹੰਝੂ ਕੇਰੇ।

ਯਾਦ ਦੀਆਂ ਨਜ਼ਰਾਂ ਦੇ ਸਾਹੰਵੇਂ, ਘੁੰਮਦੀਆਂ ਨੇ ਖ਼ਿਆਲੀ ਤਸਵੀਰਾਂ।

ਮੰਗਤੀ

ਨੀਂਦ ਪੁਰੀ ਦੀਏ
ਬਾਂਕੀਏ ਨਾਜ਼ੋ
ਸੰਗੇ ਮਰ ਮਰ
ਦੇ ਟੋਏ ਵਿਚ
ਚੋ ਕੇ ਰੱਬ ਨੇ
ਖੂੰਨ ਜਿਗਰ ਦਾ
ਲਾ ਕੇ ਆਪਣੀਆਂ
ਸਾਰੀਆਂ ਰੀਝਾਂ
ਤੇਰਾ ਪਿਆਰਾ
ਬੁੱਤ ਬਣਾਇਆ
ਮੰਗੀ ਤੜਪ
ਚਕੋਰੀ ਕੋਲੋਂ
ਲੀਤੀ ਲਿਸ਼ਕ
ਚੰਦਰਮਾਂ ਪਾਸੋਂ
ਮੰਗਿਆ ਬਿਰਹੋਂ
ਕਲਾ ਦੇ ਕੋਲੋਂ
ਲੀਤੀ ਜਲਨ

ਸ਼ਮ੍ਹਾਂ ਦੇ ਪਾਸੋਂ
ਹਿਰਦਾ ਲੀਤਾ
ਹੂਰ ਦੇ ਕੋਲੋਂ
ਲੀਤਾ ਸੱਚ
ਫਰਿਸ਼ਤੇ ਪਾਸੋਂ

ਮੰਗੇ ਰੰਗ
ਤਿਤਲੀਆਂ ਕੋਲੋਂ
ਲਿਆਂਦੇ ਅੰਗ
ਅ-ਜੰਤਾ ਵਿਚੋਂ
ਲਈ ਸੁੰਦਰਤਾ
ਕੁਦਰਤ ਪਾਸੋਂ
ਗੁਰਦਾ ਲੀਤਾ
ਸ਼ੇਰ ਬੱਬਰ ਤੋਂ
ਮੰਗਿਆ ਸਿਦਕ
ਪਤੰਗੇ ਪਾਸੋਂ
ਮਿਰਗ ਦੇ ਕੋਲੋਂ
ਅਖੀਆਂ ਲਈਆਂ

ਲੱਕ ਲਿਆ
ਤਿਮ੍ਹੋੜੀ ਪਾਸੋਂ
ਕਿਰਨਾਂ ਕੋਲੋਂ
ਤੁਰਨਾ ਲੀਤਾ
ਲੀਤੇ ਕੇਸ
ਘਟਾਵਾਂ ਪਾਸੋਂ
ਬੋਲੀ ਮੰਗੀ
ਕੋਇਲ ਕੋਲੋਂ
ਲੀਤੀ ਜਿੰਦ
ਬਹਾਰਾਂ ਪਾਸੋਂ

ਕਰ ਕੇ ਤੈਨੂੰ
ਇੰਜ ਮੁਕੰਮਲ
ਮੱਥੇ ਉੱਤੇ
ਰੋਣਾਂ, ਝਰਨਾ
ਭੂਤਨਿਆਂ ਦਾ
ਰੂਪ ਖਿਡੌਣਾ
ਜਾਏ ਜੁਆਨੀ
ਭੰਗਾਂ ਭਾੜੇ
ਇਹ ਕੁਝ
ਲਿਖ ਕੇ
ਨਾਲ ਕਲਮ ਦੇ
ਹਉਕਾ ਲੈ ਕੇ
ਆਖਿਆ-'ਵੀਨਾ'
ਜ਼ਾਹ ਮੇਰੀਏ
ਬਦ ਕਿਸਮਤ

...ਬਚੀਏ
ਤੇਰੇ ਕਲੀਰੇ
ਬੱਝ ਨਾ ਸੱਕਣ
ਨਾਲ ਵਾਜਿਆਂ
ਜੰਞ ਨਾ ਢੁੱਕੇ
ਨਾ ਹੀ ਤੈਨੂੰ
ਵੱਟਣਾਂ ਲਗੇ

ਨਾ ਕੋਈ ਤੇਰੇ
ਮਹਿੰਦੀ ਲਾਵੇ
ਨਾ ਕੋਈ ਤੈਥੋਂ
ਪਾਣੀ ਵਾਰੇ
ਨਾ ਕੋਈ ਤੇਰੇ
ਸਗਨ ਮਨਾਵੇ
ਦੁਨੀਆਂ ਤੇ ਤੂੰ
ਰੁਲਦੀ ਮਰ ਜਾਏਂ
ਤੁਰਿਆ ਬਚਪਨ
ਆਈ ਜੁਆਨੀ
ਸਿਰ ਤੇਰੇ ਵਿਚ
ਬਹਿ ਗਈ ਨਾਗਨ
ਵਧੇ ਸਪੇਰੇ
ਲੈ ਲੈ ਬੀਨਾਂ
ਏਸ ਸਮੇਂ ਦੇ
ਸੱਯਾਦਾਂ ਨੇ
ਕਰ ਕੇ ਕੈਦ
ਹੁਸਨ ਦੀ ਬੁਲਬੁਲ

ਉਪਾਸ਼ਕ

ਮਨ ਮਰਜ਼ੀ ਦੇ
ਰਾਗ ਸਿਖਾਏ
ਪੈਰੀਂ ਬੰਨ੍ਹ
ਵਿਸ਼ਿਆਂ ਦੇ ਘੁੰਗਰੂ
ਮਨ ਮਰਜ਼ੀ ਦੇ
ਨਾਚ ਸਿਖਾਏ

ਦੇਵੀ ਤਾਈਂ
ਚੁੜੇਲ ਬਣਾਇਆ
ਢਿੱਡੋਂ ਨੀਚ
ਕੋਈ ਨਹੀਂ ਜੰਮਦੈ
ਏਥੇ ਨੀਚ
ਬਣਾਇਆ ਜਾਂਦੈ
ਲੋਕਾਂ ਲਈ
ਜਨੂੰਨ ਬਣੀਂ ਤੂੰ
ਕਲਮਾਂ ਲਈ
ਮਜ਼ਮੂਨ ਬਣੀਂ ਤੂੰ
ਧਨੀਆਂ ਲਈ
ਸੁਗਾਤ ਬਣੀਂ ਤੂੰ
ਪੁਲਿਸ ਲਈ
ਆਫਾਤ ਬਣੀਂ ਤੂੰ
ਕਈਆਂ ਖਾਤਰ
ਨੂਰ ਬਣੀਂ ਤੂੰ
ਕਈਆਂ ਲਈ
ਨਾਸੂਰ ਬਣੀਂ ਤੂੰ
ਕੋਮਲ ਬਦਨ

ਸਮਾਜ ਦੇ ਗਿਰਝਾਂ
ਰੱਜ, ਚੂੰਡਿਆ
ਰੱਜ, ਤੋੜਿਆ
ਰੱਜ ਕੇ ਖਾਧਾ
ਟੁੱਕਰ ਬੋਚ
ਜ਼ਲੀਲ ਫੁਕਰਿਆਂ
ਖਾ ਖਾ ਆਪ
ਕਮਾਈ ਤੇਰੀ
ਮੰਗਤੀ ! ਮੰਗਤੀ !
ਸਦਿਐ ਤੈਨੂੰ ।

ਅਜੇ ਵੀ ਆਖਣ
ਮੰਗਤੀ ! ਮੰਗਤੀ !
ਪਰ, ਸੱਚ ਮੰਨੀਂ
ਹਰਫ ਮੇਰੇ ਤੂੰ
ਮੇਰੀ ਨਜ਼ਰ ਵਿਚ
ਤੂੰ ਨਹੀਂ ਮੰਗਤੀ
ਇਹ ਮਿਲ ਮਾਲਕ
ਅਤੇ ਸਮਗਲਰ
ਇਛਿਆ ਧਾਰੀ
ਸੱਪ-ਖੜੱਪੇ
ਸੋਨੇ ਚਾਂਦੀ
ਦੇ ਢੇਰਾਂ ਤੇ
ਬੈਠੇ ਨੇ ਜੋ
ਧਨਨੇ ਮਾਰੀ
ਫੰਨ੍ਹ ਖਲਾਰੀ

ਜਿਨ੍ਹਾਂ ਨੇ ਤੈਥੋਂ
ਰਾਤਾਂ ਮੰਗੀਆਂ
ਐਸ਼ਾਂ ਮੰਗੀਆਂ
ਤਨ ਤੇਰੇ ਦੀਆਂ
ਸੰਦਲੀ ਮਹਿਕਾਂ
ਸ਼ੌਖ ਅਦਾਵਾਂ
ਪ੍ਰੰਗਰੀਆਂ ਆਸ਼ਾਂ ।

ਦੱਸੀ ਸ਼ਾਨ
ਜਵਾਂ-ਮਰਦੀ ਦੀ
ਖੋਹ ਲਿਆ ਤੈਥੋਂ
ਸਭ ਕੁਝ ਤੇਰਾ
ਮੇਰੀ ਨਜ਼ਰ ਵਿਚ
ਤੂੰ ਨਹੀਂ ਮੰਗਤੀ
ਉਹ ਹਨ ਮੰਗਤੇ ।

ਤੇਰੇ ਕੁਵਾਰੇ
ਮਨ ਦੀਆਂ ਤਾਨਾਂ
ਹੁਸਨ ਤੇਰੇ ਦੀਆਂ
ਰਿਸ਼ਮਾਂ ਮੰਗੀਆਂ
ਲੈ ਲੈ ਤੇਰੇ
ਜਿਗਰ ਦੀਆਂ ਲਾਟਾਂ
ਆਪਣੇ ਧੌਲੇ
ਝਾਟੇ ਝੁਲਸੇ
ਢੀਮਾਂ, ਤੇ
ਕੁਸ਼ਤੇ ਅਜ਼ਮਾਏ
ਤੈਨੂੰ ਚੱਬ ਚੱਬ
ਤੈਨੂੰ ਚਿੱਥ ਚਿੱਥ
ਤੇਰੀ ਮਜਬੂਰੀ
ਨੂੰ ਤਕ ਤਕ
ਸ਼ੇਖ਼ੀਆਂ ਮਾਰੀਆਂ
ਲਾਏ ਕਹਿ-ਕਹੇ
ਸੀਨੇ ਤਾਣੇਂ
ਮੁੱਛਾਂ ਵੱਟੀਆਂ

ਤੇਰੇ ਹੰਝੂਆਂ
ਨਾਲ ਜਿਨ੍ਹਾਂ ਨੇ
ਭੜਕੇ ਕਾਮ ਦੇ
ਲਾਂਬੂ ਠਾਰੇ
ਠੰਢੀਆਂ ਕੀਤੀਆਂ
ਆਪਣੀਆਂ ਅੱਗਾਂ
ਜਿਨ੍ਹਾਂ ਤੇਰੀ ਇਹ
ਹਾਲਤ ਕੀਤੀ
ਜੋ ਇਕ ਚੰਗੀ
ਕੰਨਿਆਂ ਹੈਸੀ
ਜਿਨ੍ਹੇਂ ਉਣੇਂ ਸਨ
ਤਾਰੇ ਜੜ ਜੜ
ਸੁੰਦਰ, ਸੁਹਲ
ਭਵਿਖ ਦੇ ਸੁਫਨੇ
ਜੋ 'ਵੀਨਾ'
ਇਕ-ਧੀ
ਸੀ, ਛਿੰਦੀ
ਭੈਣ ਸੀ ਚੰਗੀ

ਜਿਨ੍ਹੇਂ ਕਿਸੇ ਦੀ
ਨੂੰਹ ਸੀ ਬਣਨਾ
ਜਿਨ੍ਹੇਂ ਸੀ ਸੁਘੱੜ
ਪਤਨੀ ਬਣਨਾ
ਜਿਨ੍ਹੇਂ ਕਿ ਚੰਗੀ
ਮਾਂ ਸੀ ਬਣਨਾ
ਉਹਨੂੰ ਬਣਾਇਆ
ਇਕ ਵੇਸਵਾ ।

ਜਿਨ੍ਹਾਂ ਤੋਂ ਹੈ
ਕਾਨੂੰਨ ਵੀ ਲਿਖਿਆ
ਜਿਨ੍ਹਾਂ ਨੂੰ
ਕੋਈ ਬਦਮਾਸ਼
ਨਹੀਂ ਕਹਿਦਾ
ਜਿਹੜੇ ਅਜ ਵੀ
ਹਨ ਪਤ-ਵੰਤੇ
ਧੰਨ ਨੇ ਉਹ
ਸੋਨੇ ਦੇ ਪਰਦੇ
ਜਿਨ੍ਹਾਂ ਦੇ ਵਿਚੋਂ
ਭੱਦੇ, ਨਹਿਸ਼
ਤੇ ਕਾਮੀ, ਕਪਟੀ,
ਹਿਰਸੀ ਚਿਹਰੇ
ਦੇਵਤਿਆਂ ਦੇ
ਵਾਂਗ ਪਏ ਹਨ
ਦੱਗ਼ ਦੱਗ਼ ਕਰਦੇ
ਰੋਜ਼ ਸੁਣੀਂਦੈ

ਰੋਜ਼ ਪੜ੍ਹੀਦੈ
ਅਜ ਮੰਗਤੀ ਨੇ
ਐਦਾਂ ਕੀਤੈ
ਕੱਲ੍ਹ ਮੰਗਤੀ ਨੇ
ਐਦਾਂ ਕਰਨੈ
ਮੰਗਤੀ ਹਰ ਦਮ
ਚਾਕੂ ਰੱਖਦੀ
ਪੀ ਕੇ ਮੰਗਤੀ
ਚਾਂਗਰਾਂ ਮਾਰੇ
ਬੜ੍ਹਕਾਂ ਮਾਰੇ
ਮੰਗਤੀ ਕਰੇ
ਸਮਾਜ ਨੂੰ ਗੰਦਿਆਂ ।

ਮੰਗਤੀ ਹੈ ਇਕ
ਜ਼ਹਿਰ ਦੀ ਗੰਦਲ
ਮੰਗਤੀ ਮਾਰ
ਕੁਟਾਈਆਂ ਕਰਦੀ
ਮਗਤੀ ਹਰ ਥਾਂ
ਧਾੜੇ ਮਾਰੇ
ਕਹਿਰ ਗੁਜ਼ਾਰੇ
ਜੂਏ ਖੇਡੇ
ਪੋਸਤ ਵੇਚੇ
ਪੀਵੇ ਨਿੱਤ
ਨਾ, ਜਾਇਜ਼ ਸ਼ਰਾਬਾਂ
ਰਖਦੀ ਏ
ਨਾ, ਜਾਇਜ਼ ਅਫੀਮਾਂ

ਹੱਥੀਂ ਤੈਨੂੰ
ਸਭ ਕੁਝ
ਦਸ ਕੇ
ਖ਼ਤਰ-ਨਾਕ
ਰਾਹਾਂ ਤੇ ਪਾ ਕੇ
ਆਪੇ ਈ ਤੈਨੂੰ
ਊਜ਼ਾਂ ਲਾਵਣ
ਅਸਲ ਬਿਮਾਰੀ
ਕੋਈ ਨਾ ਤਕਦਾ
ਚੋਰ ਦੀ ਮਾਂ ਨੂੰ
ਕੋਈ ਨਾ ਫੜਦਾ ।

ਵਾਹ ਮਰਦੋ, ਨਹੀਂ
ਤੁਹਾਡੀਆਂ ਰੀਸਾਂ
ਜਿਹੜੇ ਤੈਨੂੰ
ਤੰਗ ਕਰ ਕਰ ਕੇ
ਕੰਮ ਅੱਵਲੇ
ਰਹੇ ਕਰੌਂਦੇ
ਹੈਨ ਕਰੌਂਦੇ
ਉਨ੍ਹਾਂ ਤਾਈਂ ਅਜ
ਕੋਈ ਨਾ ਪੁਛੇ
ਆਖਣ ਇਹਨੂੰ
ਸ਼ਹਿਰੋਂ ਕੱਢੋ
ਮਾਰ ਮੁਕਾਵੋ
ਆਪੇ ਈ ਚੋਰ
ਤੇ ਆਪੇ ਈ
ਚਤਰ ਇਹ
ਜਦ ਤਕ ਇਹ
ਸਮਾਜ ਗ਼ਲਤ ਹੈ
ਜਿਸ ਸਮਾਜ ਦੇ
ਇਹ ਹਨ ਵਾਲੀ
ਇਸ ਵਿਚ ਮੰਗਤੀਆਂ
ਜੰਮਦੀਆਂ ਰਹਿਸਣ
ਕਿਸ ਕਿਸ ਨੂੰ ਇਹ
ਸ਼ਹਿਰੋਂ ਕਢਸਨ ?
ਕਿਸ ਕਿਸ ਨੂੰ ਇਹ
ਮਾਰ ਮੁਕਾਸਨ ?
ਇਹ ਕਾਨੂੰਨ ਦੇ
ਬਾਂਕੇ ਰਾਖੇ
ਇਹ ਸਮਾਜ ਦੇ
ਥੰਮ੍ਹ ਫੁਲਾਦੀ ।

ਇਹ ਆਫੀਸਰ
ਇਹ ਐਡੀਟਰ
ਇਹ ਰੀਪੋਰਟਰ
ਅੰਨ੍ਹੇ ਆਪ, ਤੇ
ਜੱਗ ਦੇ ਰਹਿਬਰ
ਵਾਹੋ ਦਾਹੀ
ਭੰਡਣ ਤੈਨੂੰ
ਕਿਉਂ ਨਾ ਦੇਸ਼
ਸੁਰਗ ਨੂੰ ਜਾਊ ?
ਕਾਸ਼, ਕਿ ਤੈਨੂੰ

ਉਪਾਸ਼ਕ

ਕੋਈ ਸਮਝੇ
ਕਾਸ਼, ਤੇਰੇ
ਜ਼ਖ਼ਮਾਂ ਤੇ ਕੋਈ
ਲਾਵੇ ਹਮਦਰਦੀ
ਦੀ ਮਰਹਮ
ਸੱਚੇ ਦਿਲੋਂ ਮੈਂ
ਦਾਅਵਾ ਕਰ ਕੇ
ਕਹਿ ਸਕਦਾ ਹਾਂ
ਤੇਰੇ ਅੰਦਰੋਂ
ਮੋਈ ਕੰਜਕ
ਜੀ ਉਠੇਗੀ
ਭੈਣ ਦੀ ਸੱਧਰ
ਵਿਲਕ ਉਠੇਗੀ
ਸੁੱਤੀ ਨਾਰੀ
ਜਾਗ ਉਠੇਗੀ
ਮਾਂ ਦੀ ਮਮਤਾ
ਤੜਪ ਉਠੇ ਗੀ ।

ਅਜ ਕੋਈ ਨਹੀਂ
ਦਰਦੀ ਹਿਰਦਾ
ਜਿਹੜਾ ਅਕਲ ਦੀ
ਐਨਕ ਲਾ ਕੇ
ਤੇਰੀ ਚੰਚਲਤਾ
ਦੇ ਵਿਚੋਂ
ਤੇਰੀਆਂ ਵਹਿਸ਼ੀ
ਅੱਖੀਆਂ ਵਿਚੋਂ
ਤੇਰੇ ਰੂਪਹਲੀ
ਬੁਸੇ ਹੋਏ
ਜੁਸੇ ਦੇ ਅੰਦਰ
ਵੇਖੇ ਲਾਸ਼
ਤ੍ਰੀਮਤਪਨ ਦੀ
ਵੇਖੇ ਅਰਥੀ
ਪਿਆਰ ਤੇਰੇ ਦੀ
ਤੇਰੇ ਸ਼ਰਾਬੀ
ਹਾਸਿਆਂ ਵਿਚੋਂ
ਵੇਖ ਸਕੇ ਜੋ
ਅਥਰੂ ਤੇਰੇ
ਤੇਰੀਆਂ ਫ਼ਿਲਮੀਂ
ਤਾਨਾਂ ਵਿਚੋਂ
ਸੁਣ ਸਕੇ ਜੋ
ਤੇਰੇ ਹਉਕੇ
ਤੇਰੀਆਂ ਚੀਕਾਂ
ਅੰਨ੍ਹੇ ਹਨ
ਇਖ਼ਲਾਕ ਦੇ ਦੀਦੇ ।

ਕੋਈ ਨਹੀਂ ਸ਼ਾਇਦ
ਇਸ ਨਗਰੀ ਵਿਚ
ਵੇਖ ਸਕੇ ਜੋ
ਸਮਝ ਸਕੇ ਜੋ
ਕਿ ਇਸ ਮਧਰੇ
ਸੁੰਦਰ ਕਦ ਦੇ
ਇਸ ਗੋਰੇ

ਸਰਘੀ ਮੁੱਖੜੇ ਨੇ
ਕੋਡ ਕੋਡੇ
ਹਬਸ਼ੀ ਤੱਕੇ
ਕਿਵੇਂ ਕਿਵੇਂ
ਜਲਾਦੀਆਂ ਸਹੀਆਂ
ਕਿਤਨੇ ਕੁ
ਤੂਫਾਨ ਨੇ ਥੰਮੇਂ
ਕਿਨ੍ਹਾਂ ਭਿਆਨਕ
ਝਖੜਾਂ ਅੰਦਰ
ਬਲਦਾ ਰਿਹਾ ਇਹ
ਰੂਪ ਦਾ ਦੀਵਾ
ਤੇਰਾ ਨਾਰੀ ਪਨ
ਨੀਂ, ਝਲੀਏ
ਕਿਵੇਂ, ਕਿਵੇਂ
ਨੀਲਾਮ ਹੈ ਹੋਇਆ
ਕਿਸ ਕਿਸ
ਕਾਮ ਦੀ ਭੱਠੀ ਅੰਦਰ
ਜਿਸਮ ਤੇਰਾ ਇਹ
ਬਾਲਣ ਬਣਿਆਂ
ਨੈਂਨ ਮਮੋਲੇ
ਕਿਵੇਂ ਕਿਵੇਂ ਤੇ
ਕਿਹੜੀਆਂ
ਕਿਹੜੀਆਂ
ਭਿਆਨਕ ਅਤੇ
ਹਨੇਰ 'ਗੁਫਾਂ' ਵਿਚ

ਜਗਦੇ ਰਹੇ
ਬਣ ਬਣ ਕੇ ਦੀਵੇ ।

ਏਸ ਭਰੇ
ਸੰਸਾਰ 'ਚ ਮੋਟੀਏ
ਕੋਈ ਨਾ ਕਿਧਰੇ
ਤੇਰਾ ਹਮੈਤੀ
ਔਨਕਾਂ ਉਹਲੇ
ਦਾਹੜੀਆਂ ਦੀਆਂ
ਦੀਵਾਰਾਂ ਉਹਲੇ
ਪਗਾਂ ਦੀਆਂ
ਕਬਰਾਂ ਦੇ ਹੇਠਾਂ
ਟੋਪੀਆਂ ਦੇ
ਮੁੰਧਾਣਾਂ ਦੇ ਥੱਲੇ
ਭੱਦਰ ਭੱਦਰ
ਭੇਸਾਂ ਅਤੇ
ਪਹਿਰਾਵਿਆ ਪਿਛੇ
ਹਿਰਸੀ ਬੰਦੇ
ਕਾਮ ਦੇ ਪੁਤਲੇ
ਬਾਘ ਹਵੱਸ ਦੇ
ਜੋ ਤੈਨੂੰ
ਮੁਰਗਾਬੀ ਵਾਂਗੂ
ਖੰਭ ਤੋੜ ਕੇ
ਭੰਨ-ਭੁੰਨ ਕੇ
ਸੁਟ ਕੁਰਾਹੇ
ਲੂਣ ਮਸਾਲੇ

ਖਾਣ ਲਈ
ਤਯਾਰ ਨੇ ਬੈਠੇ
ਜੁੱਸਾ ਤੇਰਾ
ਜਾਣ ਕੇ ਇਕ
ਸ਼ਰਾਬ ਦਾ ਠੱਰਾ
ਲਾ ਲਾ ਡੀਕਾਂ
ਰਹਿੰਦਾ ਖੂਹੰਦਾ
ਲਹੂ ਵੀ ਤੇਰਾ
ਪੀਣਾ ਚਾਹਵਣ ।

ਭੈੜੇ ਏਸ
ਸਮਾਜ ਦੇ ਅੰਦਰ
ਨਾਰੀ ਦਾ
ਸਨਮਾਨ ਕੋਈ ਨਹੀਂ
ਹੈਨ ਪੁਰਾਣੇ
ਜੁੱਗਾਂ ਜੁੱਗਾਂ ਤੋਂ
ਓਹੀਓ ਈ ਲੋਕੀ
ਓਹੀਓ ਈ ਅਕਲਾਂ
ਕਲ ਤਾਂ ਸੀ
ਇਕ 'ਸੀਤਾ' ਚੁੱਕੀ
ਅਜ ਹਜ਼ਾਰਾਂ
'ਸੀਤਾ' ਚੁਕੀਆਂ
ਕੱਲ੍ਹ ਸੀ ਕੇਵਲ
ਇਕ 'ਪੰਚਾਲੀ'
ਸਭਾ 'ਚ ਜਿਸ ਦੇ
ਚੀਰ ਸੀ ਖਿਚੇ

ਅਜ ਹਜ਼ਾਰਾਂ
ਹੀ 'ਦਰੋਪਤਾ'
ਨੰਗੀਆਂ ਕਰ ਕਰ
ਪਰ੍ਹਿਆਂ ਵਿਚ
ਨਚਾਈਆਂ ਗਈਆਂ
ਜਾਣ ਨਚਾਈਆਂ
ਭੇਡਾਂ ਵਾਂਗੂੰ
ਹੈਨ ਵਿਕਦੀਆਂ ।

ਕੱਲ੍ਹ ਵਪਾਰੀ
ਜਾਹਿਲ ਹੈ ਸਨ
ਅਜ ਵਪਾਰੀ
ਸਮਝਦਾਰ ਹਨ
ਪੜ੍ਹੇ ਲਿਖੇ ਨੇ
ਓਹਨਾਂ ਨਾਲੋਂ
ਲੱਖ ਗੁਣਾਂ ਇਹ
ਹੈਨ ਗੁਨਾਹੀ
ਅਤਿਆਚਾਰੀ
ਇਨ੍ਹਾਂ ਦਾ ਕੀਤਾ
ਪਾਪ ਵੀ 'ਪੁੰਨ' ਹੈ
ਹੋਰ ਵੀ ਏਥੇ
ਉਹ ਕੁਝ ਹੋਇਐ
ਉਹ ਕੁਝ ਹੁੰਦੈ
ਜਿਸ ਨੂੰ ਸੋਚਿਆਂ
ਰੂਹ ਥਿੜਕਦੀ
ਜਿਸ ਨੂੰ ਲਿਖਿਆਂ

ਕਲਮ ਤਿੜਕਦੀ
ਦੇਸ਼ ਦੇ ਵਾਰਿਸ
ਸਾਊ ਚਿਹਰੇ
ਗਿਆਨੀ ਧਿਆਨੀ
ਧਰਮੀ ਦਾਤੇ
ਬੀਬੀਆਂ ਸ਼ਕਲਾਂ
ਟਿੱਕਿਆਂ ਵਾਲੇ
ਜੰਜੂਆਂ ਵਾਲੇ
ਕਲਮਾਂ ਵਾਲੇ
ਇਲਮਾਂ ਵਾਲੇ
ਆਗੂ, ਨੇਤਾ,
ਦੇਸ਼ ਦੀ ਜੈ ਦੇ
ਲਾਵਨ ਨਾਅਰੇ
ਸਭਿੱਅਤਾ ਦੇ
ਲਾਣ ਦਮਗਜ਼ੇ
ਮਾਰਨ ਟਾਹਰਾਂ।

ਨਿਗਲ, ਨਿਗਲ
ਅਸਮਤ ਦੇ ਸੁਫਨੇ
ਪੀ ਪੀ ਕੇ
ਗੀਤਾਂ ਦੇ ਚਾਨਣ
ਚੂਸ ਚੂਸ
ਫੁਲਾਂ ਦੀਆਂ ਮਹਿਕਾਂ
ਝੁਲਸ ਝੁਲਸ
ਖ਼ਾਬਾਂ ਦੇ ਗੁੰਚੇ
ਲਫਜ਼ ਲਿਸ਼ਕਵੇਂ

ਸਿਆਹ ਕਰਤੂਤਾਂ
ਤੇਰਾ ਦਰਦ
ਕਿਵੇਂ ਇਹ ਜਾਨਣ
ਤੇਰੇ ਪਰਦੇ
ਲੀਰਾਂ ਲੀਰਾਂ
ਤੂੰ ਆ ਗਈ ਏਂ
ਨਜ਼ਰਾਂ ਸਾਹੰਵੇਂ
ਖ਼ਬਰੇ ਕਿੰਨੀਆਂ
ਅਜੇ ਮੰਗਤੀਆਂ
ਪਰਦਿਆਂ ਅੰਦਰ
ਇਨ੍ਹਾਂ ਦੀ
ਜਾਨ ਨੂੰ
ਰੋਵਣ ਪਈਆਂ
ਜਿਨ੍ਹਾਂ ਦੀ ਕਿਧਰੇ
ਸੌਅ ਨਾ ਨਿਕਲੇ
ਸੋਚ ਰਿਹਾ ਹਾਂ
ਮਿੱਟੀ ਵਿਚ ਇਹ
ਰੁਲਦਾ ਹੀਰਾ
ਸੁੱਚਾ ਮੋਤੀ
ਚੰਨ ਦਾ ਟੁਕੜਾ
ਅਰਸ਼ੀ ਤਾਰਾ।

ਰਾਹ ਗੀਰਾਂ ਦੇ
ਪੈਰੀਂ ਰੁਲਦਾ
ਠੇਡੇ ਖਾਂਦਾ
ਚੁਕ ਕੇ ਕੋਈ

ਦਿਲ ਵਿਚ
ਰਖ ਲਏ
ਮਿਧਿਆ ਫੁਲ
ਇਹ ਆਪਣੀ
ਪੱਗ ਦੇ
ਉੱਪਰ ਟੰਗ ਲਏ
ਜਿਥੇ ਤੈਨੂੰ
ਕਿਸੇ ਪਸਿਉਂ
ਕਦੇ ਵੀ ਤੱਤੀ
ਵਾ ਨਾ ਲਗੇ
ਪਹੁੰਚ ਨਾ ਸਕੇ
ਨਿਗਾਹ ਕਿਸੇ ਵੀ
ਮੈਲੀ ਅੱਖ ਦੀ
ਪਰ ਵੇਖੀਂ
ਕੁਝ ਹੋਰ
ਨਾ ਸਮਝੀਂ
ਲੋਕਾਂ ਵਾਂਗ ਨਾ
ਜਾਣੀਂ ਮੈਨੂੰ
ਮੈਂ ਹਾਂ ਸਿਰਫ
ਤੇਰਾ ਇਕ ਦਰਦੀ
ਇਸ ਤੋਂ ਅਗੇ
ਕੁਝ ਵੀ ਨਹੀਂ ਹਾਂ।

ਕਾਸ਼ ਕਿ ਕੋਈ
ਇਸ ਦੁਨੀਆਂ ਚੋਂ
ਇਸ ਦੁਨੀਆਂ ਨੂੰ
ਕੰਡ ਵਿਖਾ ਕੇ
ਸਦਾ ਵਾਸਤੇ
ਤੇਰਾ ਹੋ ਜਾਏ।

ਸਮਝ ਤੇਰੇ
ਜ਼ਖ਼ਮਾਂ ਨੂੰ ਤਾਰੇ
ਜਾਣ ਤੇਰੇ
ਅਮਲਾਂ ਨੂੰ ਗਜਰੇ
ਪੀ ਜਾਏ ਤੇਰੀਆਂ
ਘੋਰ ਸਿਆਹੀਆਂ
ਖਾ ਲਏ ਤੇਰੇ
ਸਾਰੇ ਈ ਔਗਣ
ਸੱਚੀਂ ਮੁੱਚੀਂ
ਮੈਂ ਤਾਂ ਉਸ ਨੂੰ
ਏਸ ਜੁਗ ਦਾ
ਸੱਚੇ ਦਿਲੋਂ
ਪੈਗੰਬਰ ਮੰਨਾਂ
ਕਾਸ਼, ਕਿਸੇ ਦੇ
ਗਲ ਲਗ ਕੇ ਤੂੰ
ਕਹਿ ਦਏਂ "ਸਜਨਾਂ
ਮੈਂ ਆਂ ਤੇਰੀ"
ਐ ਮੰਗਤੀ
ਖ਼ਾਬਾਂ ਦੀ ਸ਼ਬਨਮ
ਐ-ਔੜਾਂ ਦੀ
ਮਾਰੀ ਧਰਤੀ
ਐ ਗੜਿਆਂ ਦੀਏ

ਭੰਨੀਏਂ ਫ਼ਸਲੇ
ਢੇਰਾਂ ਉਤੇ
ਰੁਲਦੀਏ ਇੱਜ਼ਤੇ ।

ਜਨਮ ਜਨਮ ਤੋਂ
ਬਣਦੀ ਆਈਓਂ
ਔ ਇਸਤਰੀ
ਬਲੀ ਕਾਮ ਦੀ
ਏਸ ਸਮਾਜ ਦਾ
ਅਜੇ ਵੀ ਚੰਗਾ
ਖ਼ੂਨ ਨਹੀਂ ਹੈ
ਮੇਰੇ ਕੋਲ ਤਾਂ
ਤੜਪ ਹੈ ਅੜੀਏ
ਮੇਰੇ ਵੱਸ
ਕਾਨੂੰਨ ਨਹੀਂ ਹੈ
ਇਕ ਨਿਆਸਰੀ
ਇਕ ਦੁਖੀਆ ਲਈ
ਇਕ ਅਬਲਾ ਲਈ
ਇਕ ਸੁੰਦਰੀ ਲਈ
ਰਾਸ ਅਜੇ
ਮਾਹੌਲ ਨਹੀਂ ਹੈ
ਇਹ ਹਕਦਾਰ
ਇਹ ਤੇਰੇ ਸੁਦਾਗਰ
ਫੈਲੇ ਹੋਏ ਨੇ
ਤੇਰੇ ਚੁਗਿਰਦੇ
ਕੀਕੂੰ ਤੇਰਾ

ਬਣਾਂ ਮੁਹਾਫਿਜ਼
ਵੀਨਾ ਮੇਰੇ ਕੋਲ
ਕਲਮ ਹੈ
ਪਾਸ ਮੇਰੇ
ਇਖ਼ਲਾਕ ਤਾਂ ਹੈ
ਪਰ, ਹਥ ਮੇਰੇ
ਪਿਸਤੌਲ ਨਹੀਂ ਹੈ
ਕਿਸੇ ਦੇ ਹਥੋਂ
ਹੱਸਦੀ, ਹੱਸਦੀ
ਤੂੰ ਮਰ ਜਾਸੈਂ
ਦੁਨੀਆਂ ਉਤੇ
ਝੁਰਦਾ ਝੁਰਦਾ
ਮੈਂ ਮੁੱਕ ਜਾਸਾਂ ।

ਬਾਦ ਇਨ੍ਹਾਂ ਨੇ
ਏਦਾਂ ਕਹਿਣੈਂ
ਮੰਗਤੀ ਸੀ
ਇਕ ਪਿਆਰ
ਦੀ ਮੰਗਤੀ
ਪਿਆਰ ਲਈ ਜੋ
ਰਹੀ ਭਟਕਦੀ
ਜਿਸ ਨੂੰ ਕਿਤੋਂ
ਪਿਆਰ ਨਾ ਮਿਲਿਆ
ਮਿੱਧੀਆਂ ਕਲੀਆਂ
ਚੁੱਕ ਚੁੱਕ ਸੀਨੇ
ਲਾਵਣ ਵਾਲਾ

ਏਸ ਜਹਾਨ ਦਾ
ਇਕ ਸ਼ੁਭ ਚਿੰਤਕ
ਏਸ ਸਮਾਜ ਤੇ
ਰੋਵਨ ਵਾਲਾ
ਇਕ ਸਿਰ ਫਿਰਿਆ
ਇਕ ਦਿਲ ਸੜਿਆ
ਸ਼ਾਇਰ ਹੈਸੀ
ਜਿਸ ਨੂੰ ਕੋਈ
ਸਮਝ ਨਾ ਸਕਿਆ
ਕਈ ਮੰਗਤੀਆਂ
ਕਈ ਉਪਾਸ਼ਕ
ਰੁਲ ਗਏ ਏਥੇ
ਖਪ ਗਏ ਏਥੇ
ਰੁਲ ਜਾਵਨ ਗੇ
ਖਪ ਜਾਵਨ ਗੇ ।

ਹੀਰਾਂ, ਰਾਂਝੇ
ਸੱਸੀਆਂ, ਪੁੰਨੂੰ
ਵੇਚਣ ਵਾਲੇ
ਆਵਨ ਗੇ
ਜੰਮਣ ਗੇ ਫਿਰ
ਨਵੇਂ ਮਦਾਰੀ
ਫਿਰ ਨਵੇਂ ਵਪਾਰੀ
ਵੇਚਣ ਗੇ ਜੋ
ਤੇਰੀਆਂ ਹੱਡੀਆਂ
ਤੇਰੇ ਅਥਰੂ
ਵੇਖਣ ਗੇ ਜੋ
ਤੇਰੇ ਤਸਵਰ
ਰੋ ਰੋ ਆਪਣੇ
ਰੋਣੇਂ ਲੇਖਕ
ਤੈਨੂੰ ਜੱਗ ਤੇ
ਕਰਨ ਗੇ ਰੌਸ਼ਨ
ਜੁਗ-ਗਰਦੀ ਦੇ
ਝਖੜਾਂ ਅੰਦਰ
ਉਡ ਜਾਸਣ
ਸੌਨੇ ਦੇ ਪਰਬਤ
ਮਰ ਮਰ ਜਾਸਣ
ਜਿੰਨ ਹੱਵਸ ਦੇ
ਮਰਨ ਗੇ ਕੈਦੋ
ਮਰਨ ਗੇ 'ਖੇੜੇ'
ਹੁਸਨ ਨਹੀਂ ਮਰਨਾ
ਇਸ਼ਕ ਨਹੀਂ ਮਰਨਾ

ਮੰਗਤੀ ਇਕ
ਨਿਰਦੋਸ਼ ਤ੍ਰੀਮਤ
ਮੰਗਤੀ ਕੁਰਬਾਨੀ
ਦੀ ਪੁਤਲੀ
ਧਰਤੀ ਦੀ
ਤਖ਼ਤੀ ਦੇ ਉਪਰ
ਲਿਖੇ ਹੋਏ ਕੁਝ
ਨਾਵਾਂ ਅੰਦਰ
ਤੇਰਾ ਨਾਂ ਵੀ
ਲਿਖਿਆ ਗਿਆ ਏ ।

ਬੁਰਿਓਂ ਭਲਿਓਂ
ਜਿਹੜਾ ਜੱਗ ਤੇ
ਅਮਰ ਰਹੇਗਾ
ਕੀ ਹੋਇਐ
ਤੇਰੀ ਅਸਮਤ
ਲੁੱਟ ਗਈ
ਕੀ ਹੋਇਐ
ਤੇਰੇ ਸੁਪਨੇ
ਸੜ ਗਏ
ਦਿਲ ਹੈ ਤੇਰਾ
ਅਜੇ ਪਵਿੱਤਰ
ਇਸ ਕਲਬੂਤ ਦੇ
ਵਿਚਲੀ ਕੰਨਿਆਂ
ਉਸ਼ਾ ਦੀ ਪਹਿਲੀ
ਕਿਰਨ ਦੇ ਵਾਂਗੂੰ
ਅਜੇ ਕੁੰਆਰੀ
ਜਿਸਮ ਤੇਰੇ ਨੂੰ
ਜਿਨ੍ਹਾਂ ਵੇਚਿਆ
ਜਿਨ੍ਹਾਂ ਖ਼ਰੀਦਿਆ
ਜਿਨ੍ਹਾਂ ਨੋਚਿਆ
ਜਿਨ੍ਹਾਂ ਨੇ ਖਾਧਾ
ਉਨ੍ਹਾਂ ਦਾ
ਫਲਕ ਵੀ
ਰੂਹ ਤੇਰੀ ਨੂੰ
ਬੱਲੀਏ, ਦਾਗ਼ੀ
ਕਰ ਨਹੀਂ ਸਕਦਾ

ਕਰ ਨਾ ਸਕੇਗਾ
ਤੂੰ ਲੱਖ ਚਾਹਿਐ
ਚੰਗੀ ਬਣਨਾ
ਤੇਰੇ ਰਾਖਿਆਂ
ਤੈਨੂੰ ਚੰਗੀ
ਬਣਨ ਨਾ ਦਿੱਤਾ

ਤੂੰ ਲੱਖ ਲੋਚੇਂ
ਚੰਗੀ ਬਣਨਾ
ਤੇਰੇ ਏਜੰਟਾਂ
ਤੇਰੇ ਗ੍ਰਾਹਕਾਂ
ਬਿਜ਼ਨਿਸ ਮੈਨਾਂ
ਤੈਨੂੰ ਚੰਗੀ
ਬਣਨ ਨਹੀਂ ਦੇਣਾ
ਇਕ ਸ਼ਾਇਰ ਦੀ
ਨਜ਼ਰ ਦੇ ਅੰਦਰ
ਉਹ ਹਨ ਦੋਸ਼ੀ
ਤੂੰ ਸੁੱਚੀ ਹੈਂ
ਤੂੰ ਕੰਜਕ ਹੈਂ !!!
ਆਖ਼ਿਰ ਤੇਰੇ
ਅੰਦਰੋਂ ਇਕ ਦਿਨ
ਮੋਈ ਤ੍ਰੀਮਤ
ਜੀ ਪੈਣੀਂ ਏਂ
ਸੁੱਤੀ ਮਮਤਾ
ਜਾਗ ਹੈ ਪੈਣੀ

ਓਦਿਨ ਸੂਰਜ
ਹੋਰ ਚੜ੍ਹੇਗਾ
ਓਦਿਨ ਦਾ ਚੰਨ
ਹੋਰ ਹੋਏਗਾ
ਓਦਿਨ ਅੰਬਰ
ਨਵਾਂ ਹੋਏਗਾ

ਓਦਿਨ ਧਰਤੀ
ਹੋਰ ਹੋਏਗੀ
ਓਦਿਨ ਰੱਬ ਵੀ
ਨਵਾਂ ਹੋਏਗਾ
ਸੱਚ ਤੇਰਾ
ਸਨਮਾਨ ਕਰੇਗਾ ।

ਗੀਤ

ਮੇਰਾ ਪਿਆਰ ਕਰਨ ਨੂੰ ਜੀ ਕਰਦਾ
ਕਿਸੇ ਚੰਚਲ ਖੇਖਣਹਾਰੀ—ਤੇ
ਇਤਬਾਰ ਕਰਨ ਨੂੰ ਜੀ ਕਰਦਾ
ਮੇਰਾ ਪਿਆਰ.....

ਮੈਨੂੰ ਆ ਗਈ ਲੋਰ ਪ੍ਰੀਤਾਂ ਦੀ
ਮੇਰੇ ਅੰਦਰ ਗਰਮੀ ਗੀਤਾਂ ਦੀ
ਆਹਾਂ ਵਿਚ ਸੜਦਾ ਹਿਰਦਾ :—
ਠੰਢਾ ਠਾਰ ਕਰਨ ਨੂੰ ਜੀ ਕਰਦਾ
ਮੇਰਾ ਪਿਆਰ.....

ਮੇਰੇ ਅੰਦਰੋਂ ਬ੍ਰਿਹੋਂ ਫੁੱਟਦਾ ਏ
ਮੈਨੂੰ ਪਾਗਲ ਕਰ ਕਰ ਸੁੱਟਦਾ ਏ
ਇਸ ਪਾਗਲਪਨ ਵਿਚ ਮਹਿਲ ਕੋਈ :—
ਤੱਯਾਰ ਕਰਨ ਨੂੰ ਜੀ ਕਰਦਾ
ਮੇਰਾ ਪਿਆਰ.....

ਮੈਨੂੰ ਚੜ੍ਹਿਆ ਝੱਲ ਜੁਆਨੀ ਦਾ
ਫੜ ਪੱਲਾ ਇਕ ਮਸਤਾਨੀ ਦਾ
ਲੱਖ ਨੋਕ ਟੋਕ ਇਨਕਾਰਾਂ ਵਿਚ
ਇਕਰਾਰ ਕਰਨ ਨੂੰ ਜੀ ਕਰਦਾ
ਮੇਰਾ ਪਿਆਰ.....

ਗ਼ਜ਼ਲ

ਜਿਉਂ ਜਿਉਂ ਮਹਿਫ਼ਲ ਦੇ ਸਾਜ਼ ਅਤੇ, ਸਾਮਾਨ ਬਦਲਦੇ ਰਹਿੰਦੇ ਨੇ।
ਤਿਉਂ ਤਿਉਂ ਉਸ ਸੋਹਣੇ ਸਾਕੀ ਦੇ, ਫ਼ੁਰਮਾਨ ਬਦਲਦੇ ਰਹਿੰਦੇ ਨੇ!

ਇਕ ਰੈਨ ਬਸੇਰੇ ਦੀ ਖ਼ਾਤਰ, ਮਨ ਕੀ ਕੀ ਪੁਆੜੇ ਕਰਦਾ ਏ।
ਕਾਇਮ ਇਹ ਸਰਾਂ ਹੈ ਦੁਨੀਆਂ ਦੀ, ਮਹਿਮਾਨ ਬਦਲਦੇ ਰਹਿੰਦੇ ਨੇ।

ਰੋਟੀ ਦੇ ਪਿਛੋਂ ਜ਼ਿੰਦਗੀ ਨੂੰ, ਫਿਰ ਲੋੜ ਕਿਸੇ ਦਿਲ ਜਾਨੀ ਦੀ।
ਨਿੱਕੀ ਜਹੀ ਕਹਾਣੀ ਦੇ ਕੀ ਕੀ, ਅਨੁਵਾਨ ਬਦਲਦੇ ਰਹਿੰਦੇ ਨੇ।

ਨਹੀਂ ਫ਼ਰਕ ਕੋਈ ਇਨਸਾਨਾਂ ਵਿਚ, ਇਹ ਖੇਡ ਹੈ ਸਾਰੀ ਮਾਇਆ ਦੀ,
ਇਥੇ ਭਗਤਾਂ ਦੀ ਤਾਂ ਗੱਲ ਨਹੀਂ, ਭਗਵਾਨ ਬਦਲਦੇ ਰਹਿੰਦੇ ਨੇ!

ਗੱਲ ਮੂੰਹ ਤੇ ਪਾਕ ਸਚਾਈ ਦੀ, ਕਹਿਣੇ ਨੂੰ ਠੰਸ ਇਰਾਦੇ ਹਨ,
ਧਰਤੀ ਤੇ ਫਰਿਸ਼ਤੇ ਹੂਰਾਂ ਨਿੱਤ, ਈਮਾਨ ਬਦਲਦੇ ਰਹਿੰਦੇ ਨੇ!

ਸਜਦੇ ਹੈ ਜਿਨ੍ਹਾਂ ਨੂੰ ਦਿਲ ਕਰਦਾ—ਕਵਿਤਾ ਵੀ ਉਪਾਸ਼ਕ ਹੈ ਹਰਦਮ,
ਉਹ ਅਰਮਾਨਾਂ ਦੇ ਮਾਲਕ ਵੀ, ਅਰਮਾਨ ਬਦਲਦੇ ਰਹਿੰਦੇ ਨੇ!

ਗ਼ਜ਼ਲ

ਮੈਨੂੰ ਕਿਸੇ ਦੇ ਇਸ਼ਾਰਿਆਂ ਨੇ ਮਾਰ ਸੁਟਿਆ !
ਮੈਨੂੰ ਕਿਸੇ ਦੇ ਸਹਾਰਿਆਂ ਨੇ ਮਾਰ ਸੁਟਿਆ !

ਮੂੰਹੋਂ ਆਖ ਕੇ ਤੇ ਚੰਗਾ ਦਿਲੋਂ ਬੁਰਾ ਮੰਨਿਆਂ,
ਇਨ੍ਹਾਂ ਖ਼ੰਜ਼ਰਾਂ ਦੂ-ਧਾਰਿਆਂ ਨੇ ਮਾਰ ਸੁੱਟਿਆ !

ਓਹਦੀ ਯਾਦ 'ਚ ਸ੍ਹਾਸਾਂ ਦੀ ਲੁਟਾਈ ਰਾਸ ਮੈਂ,
ਅੱਜ ਇਸ਼ਕ ਦੇ ਖ਼ਸਾਰਿਆਂ ਨੇ ਮਾਰ ਸੁੱਟਿਆ !

ਕੁੱਲੀ ਕੱਖਾਂ ਦੀ ਨੂੰ ਖ਼ੁਸ਼ੀ 'ਚ ਮੁਆਤਾ ਲਾ ਲਿਆ,
ਹਾਇ ! ਉੱਚਿਆਂ ਮੁਨਾਰਿਆਂ ਨੇ ਮਾਰ ਸੁੱਟਿਆ !

ਲੈ ਕੇ ਜ਼ਿੰਦਗੀ ਦੀ ਫੀਸ ਅਜੇ ਨੱਕ ਵੱਟਦਾ,
ਓਹਦੇ ਫ਼ੌਕਿਆਂ ਅਫ਼ਾਰਿਆਂ ਨੇ ਮਰਿ ਸੁੱਟਿਆ !

ਜਿਹੜੇ ਪਿਆਰ ਨਾਲ ਕੇਸਾਂ ਦੇ ਬਣਾਏ ਨਾਗ ਮੈਂ,
ਉਨ੍ਹਾਂ ਨਾਗਾਂ ਫੁੰਕਾਰਿਆ ਨੇ ਮਾਰ ਸੁੱਟਿਆ !

ਕਦੇ ਸੁੱਟਿਆ ਪਤਾਲ ਕਦੇ ਚਾੜ੍ਹਿਆ ਆਕਾਸ਼,
ਏਸ ਦਿਲ ਦੇ ਹੁਲਾਰਿਆਂ ਨੇ ਮਾਰ ਸੁੱਟਿਆ।

ਮੇਰਾ ਹੌਂਸਲਾ ਤੁਫ਼ਾਨਾਂ ਨਾਲ ਰਿਹਾ ਖੇਡਦਾ,
ਆਰ-ਪਾਰ ਦੇ ਕਿਨਾਰਿਆਂ ਨੇ ਮਾਰ ਸੁੱਟਿਆ ।

ਕਿਸੇ ਹੋਰ ਦੀ ਤਾਂ ਰੱਬਾ ਇਥੇ ਗੱਲ ਕੋਈ ਨਾ,
ਮੈਨੂੰ ਮੇਰੇ ਈ ਪਿਆਰਿਆਂ ਨੇ ਮਾਰ ਸੁੱਟਿਆ ।

ਗੀਤ

ਦੋ ਤਾਰਾ ਵਜਦਾ ਵੇ, ਰਾਂਝਣਾ ਨੂਰ ਮੱਹਲ ਦੀ ਮੋਰੀ ।
ਇਹਦੇ ਬੋਲ ਰਸੀਲੇ ਵੇ, ਰਾਂਝਣਾ ਸੁਣ ਕੇ ਔਂਦੀ ਲੋਰੀ ।
ਦੋ ਤਾਰਾ ਵਜਦਾ ਵੇ ।

ਦੂਰ ਕਿਤੇ ਵਜਿਆ ਦੋ-ਤਾਰਾ
ਨਚਿਆ ਸਾਰਾ ਤਖ਼ਤ-ਹਜ਼ਾਰਾ
ਫੇਰ ਝਨਾਂ ਦੀਆਂ ਲਹਿਰਾਂ ਨਚੀਆਂ
ਲਹਿਰ ਲਹਿਰ ਚੋਂ ਲਾਟਾਂ ਮਚੀਆਂ
ਮੇਰੀ ਭਰੀ ਜੁਆਨੀ ਵੇ
ਰਾਂਝਣਾਂ ਜਿਉਂ ਗੰਨੇ ਦੀ ਪੋਰੀ
ਦੋ-ਤਾਰਾ ਵਜਦਾ ਵੇ.....

ਕੁੜੀਆਂ ਦੀ ਇਸ ਸੁਰਤ ਭੁਲਾਈ
ਮੁੰਡਿਆਂ ਨੂੰ ਇਕ ਚੇਟਕ ਲਾਈ
ਥਾਂ ਥਾਂ ਨਵੇਂ ਤਰਾਨੇ ਛੇੜੇ
ਦੋ ਦਿਲ ਮਿਲੇ ਤੇ ਸੜ ਗਏ ਖੇੜੇ
ਮੈਂ ਆਪ ਨਾ ਲਾਈਆਂ ਵੇ
ਰਾਂਝਣਾਂ ਲਗੀਆਂ ਜ਼ੋਰੋ-ਜ਼ੋਰੀ
ਦੋ-ਤਾਰਾ ਵਜਦਾ ਵੇ.....

ਪਿਆਰ ਨੇ ਕੀਤਾ ਤਨ ਮਨ ਵਾਸਾ
ਚਿੜੀਆਂ ਮਰਨ ਗਵਾਰੀਂ ਹਾਸਾ
ਧਰਤ ਨੇ ਲਈਆਂ ਠੰਢੀਆਂ ਹਾਵਾਂ
ਅੰਬਰੋਂ ਆਈਆਂ ਸ਼ੋਖ਼ ਹਵਾਵਾਂ
ਬਾਹੋਂ ਫੜ ਲੈ ਆ ਕੇ ਵੇ
ਰਾਂਝਣਾਂ ਤਰਲੇ ਪਾਉਂਦੀ ਗੋਰੀ
ਦੋ-ਤਾਰਾ ਵਜਦਾ ਵੇ.....

ਗੀਤ

ਮੈਨੂੰ ਗੁੱਤ ਦੀਆਂ ਛਮਕਾਂ ਨਾ ਮਾਰ
ਨੀਂ—ਮਰ ਜਾਏਂ ਜੀਣ ਜੋਗੀਏ

ਦਿਲ ਮੇਰੇ ਤੇ ਲਾਸਾਂ ਪਾਈਆਂ
ਰੋ ਰੋ ਕੇ ਮੈਂ ਦਿਆਂ ਦੁਹਾਈਆਂ
ਤੇਰੀ ਸ਼ੇਖ ਜੁਆਨੀ ਅਗੇ :—

ਮੇਰੀ ਹਾਲ—ਪੁਕਾਰ
ਨੀਂ—ਮਰ ਜਾਏ ਜੀਣ ਜੋਗੀਏ

ਕਾਰੇ ਹੱਥੀਏ ਨਾ ਕਰ ਕਾਰੇ
ਅਗੇ ਈ ਤੜਫਨ ਕਈ ਵਿਚਾਰੇ
ਰੋਗ ਅਵੱਲੜਾ ਲਾ ਕੇ ਅੜੀਏ :—

ਨਾ ਪਈ ਕਹਿਰ ਗੁਜ਼ਾਰ
ਨੀਂ—ਮਰ ਜਾਏਂ ਜੀਣ ਜੋਗੀਏ

ਏਦਾਂ ਨਹੀਂ ਤੜਫੌਣਾ ਚੰਗਾ
ਸੱਜਣਾਂ ਨੂੰ ਗਲ ਲੌਣਾ ਚੰਗਾ
ਹਸ ਕੇ ਜੇ ਤੂੰ ਹਾਂ ਕਰ ਦੇਵੇਂ :—

ਬੇੜਾ ਹੋ ਜਾਏ ਪਾਰ—
ਨੀਂ—ਮਰ ਜਾਏਂ ਜੀਣ ਜੋਗੀਏ

ਮੈਂ ਨਹੀਂ ਸਾਂ

ਤੇਰੇ ਪਿਆਰ ਵਿਚ ਜਿਹੜਾ ਬਦਨਾਮ ਹੋਇਆ,
ਉਹ ਕੋਈ ਹੋਰ ਗ਼ਰੀਬ ਸੀ ਮੈਂ ਨਹੀਂ ਸਾਂ।

ਜੀਹਨੇ ਪਾਇਆ ਸੀ ਤੈਨੂੰ ਭੁਲੇਖਿਆਂ ਵਿਚ,
ਮੇਰਾ ਹੋਛਾ ਰਕੀਬ ਸੀ ਮੈਂ ਨਹੀਂ ਸਾਂ।

ਤੇਰੀ ਨਬਜ਼ ਨਾ ਜਿਹੜਾ ਪਛਾਣ ਸਕਿਆ,
ਤੇਰਾ ਕੱਚਾ ਤਬੀਬ ਸੀ ਮੈਂ ਨਹੀਂ ਸਾਂ।

ਗਲੀ ਤੇਰੀ ਜੋ ਠੋਹਕਰਾਂ ਰਿਹਾ ਖਾਂਦਾ,
ਮੇਰਾ 'ਖੋਟਾ-ਨਸੀਬ' ਸੀ ਮੈਂ ਨਹੀਂ ਸਾਂ।

ਮੁਖ-ਬੰਦ

ਆਪਣੇ ਹਰ ਦੁਸ਼ਮਨ ਨੂੰ ਮੈਂ, ਆਪਣਾ ਭਰਾ ਕਹਿੰਦਾ ਰਿਹਾ।
ਹਰ ਮੁਹੱਬਤ ਦੇ ਜਨਾਜ਼ੇ ਨੂੰ, ਖ਼ੁਦਾ ਕਹਿੰਦਾ ਰਿਹਾ।

ਰਹਿ ਕੇ ਖ਼ੁਦ-ਗਰਜ਼ਾਂ 'ਚ ਵੀ, ਖ਼ੁਦ ਗ਼ਰਜ਼ ਨਾ ਬਣਿਆ ਗਿਆ,
ਹਰ ਬਦੀ ਨੂੰ ਦੋਸਤੀ ਦੀ, ਮੈਂ ਰਜ਼ਾ ਕਹਿੰਦਾ ਰਿਹਾ।

ਹੱਸ ਕੇ ਯਾਰਾਂ ਦੇ ਹਥੀਂ, ਜ਼ਹਿਰ ਵੀ ਮੈਂ ਪੀ ਲਿਆ,
ਤੇ ਸਦਾ ਲੋਕਾਂ ਨੂੰ ਜੀਵਨ, ਦਾ ਨਸ਼ਾ ਕਹਿੰਦਾ ਰਿਹਾ।

ਆਪਣੇ ਹੀ ਦਿਲ ਦਾ ਸ਼ੀਸ਼ਾ ਤੇ ਆਪਣਾ ਅਕਸ ਸੀ,
ਜੋ ਵੀ ਅੱਗੇ ਆ ਗਿਆ, ਆਪਣੇ ਜਿਹਾ ਕਹਿੰਦਾ ਰਿਹਾ।

ਹਰ ਕਿਸੇ ਨੂੰ ਚੁਕਿਆ, 'ਵਾਰਿਸ' ਤੇ 'ਬੁੱਲ੍ਹਾ' ਆਖ ਕੇ,
ਹਰ ਹਨੇਰੇ ਸਿਰ ਨੂੰ ਸੂਰਜ, ਅਦਬ ਦਾ ਕਹਿੰਦਾ ਰਿਹਾ।

ਹਰ ਸਧੇ ਨੂ ਆਖਿਆ ਬੱਸ ! ਤੂੰ ਗੱਵਈਆ ਹੈਂ ਮਹਾਨ,
ਬੋਲ ਉਲੂ ਦੇ ਕੋਇਲ, ਦੀ ਸਦਾ ਕਹਿੰਦਾ ਰਿਹਾ।

ਬੌਨਿਆਂ ਨੂੰ ਆਖਿਆ, ਉਚੇ ਤੁਸੀਂ ਹੋ ਅਰਸ਼ ਤੋਂ,
ਬਾਂਦਰਾਂ, ਤੇ ਪਾਗ਼ਲਾਂ ਨੂੰ, ਰਹਿਨੁਮਾ ਕਹਿੰਦਾ ਰਿਹਾ।

ਪਿਆਰ ਅੰਦਰ ਮੈਂ, ਚੁੜੇਲਾਂ ਨੂੰ ਵੀ ਹੂਰਾਂ ਆਖਿਐ,
ਗ਼ਮ ਦੀ ਸਿਆਹੀ ਨੂੰ ਵੀ ਜ਼ੁਲਫਾਂ, ਦੀ ਘਟਾ ਕਹਿੰਦਾ ਰਿਹਾ।

ਬੋਲ੍ਹਿਆਂ ਨੂੰ ਆਖਿਆ, ਸਾਹਿਤ ਦੇ ਸੱਚੇ ਪਾਰਖੂ,
ਅੰਨ੍ਹਿਆਂ ਨੂੰ ਸਭਿਅਤਾ ਦੇ, ਨਾ-ਖ਼ੁਦਾ ਕਹਿੰਦਾ ਰਿਹਾ।

ਹੱਸ ਕੇ ਪਾਏ ਬਿ-ਦਰਦਾਂ, ਦੇ ਗੱਲੀ ਸ਼ੇਅਰਾਂ ਦੇ ਹਾਰ,
'ਮੈਂ ਤਾਂ ਹਰ ਕਮ-ਜ਼ਰਫ ਨੂੰ ਵੀ, ਦੇਵਤਾ ਕਹਿੰਦਾ ਰਿਹਾ ।

ਗੀਤ ਬੀਜੇ ਸਨ ਮੈਂ ਜਿਸ, ਧਰਤੀ ਤੇ ਸ਼ੰਅਲੇ ਜੰਮ ਪਏ,
ਹਰ ਗਏ ਗੁਜ਼ਰੇ ਨੂੰ ਸੱਚਾ, ਬਾ-ਵਫ਼ਾ ਕਹਿੰਦਾ ਰਿਹਾ ।

ਕੁਝ ਸੀ ਦਿਲ ਰਖਣੇਂ ਦੀ ਆਦਤ, ਕੁਝ ਸੀ ਖ਼ਿਦਮਤ ਦਾ ਜਨੂੰਨ,
ਕਈਆਂ ਦੇ ਬਕਵਾਸ ਨੂੰ, ਸਾਹਿਤ, ਕਲਾ ਕਹਿੰਦਾ ਰਿਹਾ ।

ਚਾਹ ਸੀ ਆਪਣੀ ਮੜ੍ਹੀ ਲਈ, ਆਪ ਦੀਵਾ ਲੱਭ ਲਵਾਂ,
ਹਰ ਬੁਰਾਈਆਂ ਦੇ ਪਲੰਦੇ, ਨੂੰ ਭਲਾ ਕਹਿੰਦਾ ਰਿਹਾ ।

ਆਪਣੇ ਦਿਲ ਦਾ ਮਾਸ ਖ਼ੁਦ, ਗਿਰਝਾਂ ਨੂੰ ਮੈਂ ਪੌਂਦਾ ਗਿਆ,
ਹਰ ਖੜੱਪੇ ਸੱਪ ਨੂੰ, ਆਪਣਾ ਸਕਾ ਕਹਿੰਦਾ ਰਿਹਾ ।

ਮੈਂ 'ਉਪਾਸ਼ਕ' ਖ਼ੁਦ ਰਿਹਾਂ, ਕਰਦਾ ਹਾਂ ਉਪਾਸ਼ਕ ਦੀ ਤਲਾਸ਼,
ਇਸ ਲਈ ਹਰ ਇਕ ਨੂੰ, ਜੀ ਆਇਆਂ, ਆ ! ਕਹਿੰਦਾ ਰਿਹਾ ।

ਤਰਾਨਾ

ਢੋਲ ਢੱਮਕੇ, ਬੰਦ ਹੋ ਗਏ, ਵਾਜੇ ਦਾ ਸੰਘ ਪਾਟਾ ।
ਸੋਹਲੇ ਗਾਉਂਦੀ ਤੁਰੀ ਮਰਾਸਣ, ਝੋਲੀ ਭਰ ਕੇ ਆਟਾ ।

ਛਣਕ, ਛਣਕ, ਛਣ ਕੰਙਣ ਛਣਕਣ, ਹਰ ਕੋਈ ਲੁੱਡੀਆਂ ਪਾਵੇ ।
ਨੁਕਰੇ ਬੈਠੀ ਸਜ-ਵਿਆਹੀ, ਗਠੜੀ ਬਣਦੀ ਜਾਵੇ ।

ਥੱਕੀ ਟੁਟੀ ਸੱਸ ਵਿਚਾਰੀ, ਸੌਂ ਗਈ ਤੋਰ ਪਰੌਹਣੇ ।
ਸਾਰਾ ਵਿਹੜਾ ਹਾਸੇ ਵੰਡਦਾ, ਸੁਪਨੇ ਔਣ ਸੁਹੌਣੇ ।

ਸੰਝਦਾ ਸੰਝਦਾ ਗਭਰੂ ਅੱਗੇ, ਵਹੁਟੀ ਪਿਛੇ ਸਰਕੇ ।
ਹਟਦੀ ਹਟਦੀ ਪਲੰਘ ਦੇ ਉਤੋਂ, ਡਿਗ ਪਈ ਧਹਿ ਕਰਕੇ ।

ਹਫੜਾ-ਦਫੜੀ ਵਿਚ ਦੁਪੱਟਾ, ਸਿਰ ਤੋਂ ਥਲੇ ਆਇਆ ।
ਬਿਟ ਬਿਟ ਵਿਹੰਦਾ ਰਹਿ ਗਿਆ ਲਾੜਾ, ਰੋਅਬ ਅਜੇਹਾ ਛਾਇਆ ।

ਕੋਠੇ ਉਤੇ ਚੜ੍ਹ ਕੇ ਕੁੜੀਆਂ, ਛੋਹੀ ਨਵੀਂ ਕਹਾਣੀ ।
ਭਾਬੀ ਸਾਡੀ ਕਲੀ ਚੰਬੇ ਦੀ, ਵੀਰਾ ਚੰਨ ਅਸਮਾਨੀ ।

ਤਰਾਨਾ

ਵੇਖੋ ਲੋਕੋ, ਝੱਲਾ ਆਸ਼ਿਕ, ਸੱਪਾਂ ਨਾਲ ਪਿਆ ਰ ਕਰੇ ।
ਆਪਣੇ ਹੱਥੀਂ ਤੀਰ ਨਿਗਾਹ ਦੇ, ਆਪਣੇ ਦਿਲ ਚੋਂ ਪਾਰ ਕਰੇ ।

ਕਹਿਰਾਂ ਦੇ ਚੰਗਿਆੜਿਆਂ ਤਾਈਂ, ਆਖੇ ਪਿਆ ਫੁਲਝੜੀਆਂ ।
ਆਪਣਾ ਤਨ ਮਨ ਜਕੜ ਰਿਹਾ ਏ, ਪਾ ਜ਼ੁਲਫਾਂ ਦੀਆਂ ਕੜੀਆਂ ।
ਸਮਝੇ ਮੇਰੀ ਕਿਸਮਤ ਖੁਲ੍ਹ ਗਈ, ਦੇਂਦਾ ਜਦ ਕੋਈ ਤੜੀਆਂ ।
ਫੋਕੇ ਦਮਾਂ ਦਿਲਾਸਿਆਂ ਉਤੇ, ਦਿਲ ਦਾ ਪਿਆ ਵਪਾਰ ਕਰੇ ।
ਵੇਖੋ ਲੋਕੋ... ... ...

ਬਾਰੀ ਦੇ ਵਿਚ ਬੈਠਾ ਪੰਛੀ, ਮਾਰ ਉਡਾਰੀ ਉੜਿਆ ।
ਅੱਖਾਂ ਨੇ ਅਟਕਾਹਰੇ ਲਗੀਆਂ, ਧਿਆਨ ਚਿਰੋਕਾ ਜੁੜਿਆ ।
ਹੁਣ ਪਿਆ ਰੋ ਰੋ ਆਹੰਦਾ ਏ ਕਿ; ਤੀਰ ਜਿਗਰ ਵਿਚ ਪੁੜਿਆ ।
ਆਸ ਦੇ ਸੁਫਨੇ ਲੈਂਦਾ ਲੈਂਦਾ, ਸੁਫਨਿਆਂ ਤੇ ਇਤਬਾਰ ਕਰੇ ।
ਵੇਖੋ ਲੋਕੋ... ... ...

ਖੂੰਨ ਜਿਗਰ ਦਾ ਪਾਣੀ ਬਣ ਬਣ, ਅੱਖੀਆਂ ਵਿਚੋਂ ਵੱਸਦੇ ।
ਦਿਨ ਨੂੰ ਭੌਂਦਾ ਰਹੇ ਅਵਾਰਾ, ਰਾਤੀਂ ਉੱਠ ਉੱਠ ਨਸਦੇ ।
ਹਾਲਤ ਇਸ ਦੀ ਵੇਖ ਵੇਖ ਕੇ, ਪਿਆ ਜ਼ਮਾਨਾ ਹਸਦੇ ।
ਫਿਰ ਵੀ ਮੂਰਖ ਖਿਆਲਾਂ ਦੇ ਨਿੱਤ, ਮੰਦਰ ਨਵੇਂ ਤਿਆਰ ਕਰੇ ।
ਵੇਖੋ ਲੋਕੋ... ... ...

ਇਖਲਾਕ

ਸੋਚ ਰਿਹਾ ਹਾਂ,

ਦੁਨੀਆਂ ਅਗੇ ਆਪਣੀ ਧੌਣ ਝੁਕਾਂ ਕੇ ਰਖਾਂ।
ਕੌੜਾ ਬੋਲ ਸਚਾਈ ਭਰਿਆ, ਸੀਨੇ ਵਿਚ ਛੁਪਾ ਕੇ ਰਖਾਂ।
ਮਤਲਬ ਪੂਰਾ ਕਰਨ ਦੀ ਖ਼ਾਤਰ, ਸਭ ਦੇ ਨਾਲ ਬਣਾ ਕੇ ਰਖਾਂ।
ਅੱਗ ਅਣਖ ਦੀ ਜਦ ਵੀ ਭੜਕੇ, ਹੰਝੂਆਂ ਨਾਲ ਬੁਝਾ ਕੇ ਰਖਾਂ।

ਅਕਲ ਕਹੇ ਇਹ ਠੀਕ ਰਹੇਗਾ
ਪਰ :—
ਇਹ ਚੰਦਰਾ ਦਿਲ ਨਹੀਂ ਮੰਨਦਾ

ਆਖਣ ਨੂੰ ਤਾਂ,

ਸਜਨੀ ਮੈਨੂੰ ਸਚੇ ਦਿਲੋਂ ਪਿਆਰ ਹੈ ਕਰਦੀ।
ਮਿੱਠੀ ਮਿੱਠੀ ਸੰਗਤ ਉਸਦੀ ਮਨ ਨੂੰ ਠੰਡਿਆਂ ਠਾਰ ਹੈ ਕਰਦੀ।
ਮੈਂ ਤੇਰੀ ਮੈਂ ਤੇਰੀ ਸਜਨਾਂ ਏਸ ਤਰ੍ਹਾਂ ਹਰ ਬਾਰ ਹੈ ਕਰਦੀ।
ਜਾਂ ਆਖਾਂ ਆ ਮਿਲ ਕੇ ਤੁਰੀਏ ਤਾਂ ਅਗੋਂ ਇਨਕਾਰ ਹੈ ਕਰਦੀ।

ਅਕਲ ਕਹੇ ਉਹ ਠੀਕ ਹੈ ਆਹੰਦੀ
ਪਰ :—
ਇਹ ਚੰਦਰਾ ਦਿਲ ਨਹੀਂ ਮੰਨਦਾ

ਗਲੀਂ ਬਾਤੀਂ,

ਮਿੱਤਰ ਮੇਰੇ ਜੰਨਤ ਕਰ ਆਬਾਦ ਨੇ ਦੇਂਦੇ।
ਮੂੰਹ ਤੇ ਸਿਫਤਾਂ ਪਿਛੋਂ ਨਿੰਦਾ ਏਸ ਤਰ੍ਹਾਂ ਦੀ ਦਾਦ ਨੇ ਦੇਂਦੇ।

ਸਭ ਕੁਝ ਤੇਰਾ ਹੱਥ ਨਾ ਲਾਵੀਂ ਖੋਲ੍ਹ ਕੇ ਦਿਲ ਇਮਦਾਦ ਨੇ ਦੇਂਦੇ ।
ਚਾੜ੍ਹ ਅਰਸ਼ ਤੇ ਫਰਸ਼ਾਂ ਵਲੋਂ ਕਰ ਮੈਨੂੰ ਆਜ਼ਾਦ ਨੇ ਦੇਂਦੇ ।

ਅਕਲ ਕਹੇ ਕਿ ਆਪਣੇ ਸਭ

ਪਰ :—
ਇਹ ਚੰਦਰਾ ਦਿਲ ਨਹੀਂ ਮੰਨਦਾ

ਚਾਹੁੰਦਾ ਹਾਂ

ਇਸ ਦੁਨੀਆਂ ਅੰਦਰ ਆਪਣੀ ਦੁਨੀਆਂ ਨਵੀਂ ਵਸਾਵਾਂ ।
ਅੰਦਰੋਂ ਮਹੁਰਾ ਉਤੋਂ ਅੰਮ੍ਰਿਤ ਬਣ ਕੇ ਹਰ ਥਾਂ ਆਦਰ ਪਾਵਾਂ ।
ਪਾਪਾਂ ਭਰੀ ਕਮਾਈ ਕਰਕੇ ਦਾਨੀ ਤੇ ਧਨਵਾਨ ਕਹਾਵਾਂ ।
ਅਕਲ-ਮੰਦਾਂ ਦੀ ਇਸ ਨਗਰੀ ਨੂੰ ਅਕਲ ਨਾਲ ਬੇ-ਅਕਲ ਬਣਾਵਾਂ ।

ਅਕਲ ਕਹੇ ਸ਼ਾਬਾਸ਼ ਓ ਸ਼ੇਰਾ

ਪਰ :—
ਇਹ ਚੰਦਰਾ ਦਿਲ ਨਹੀਂ ਮੰਨਦਾ

ਤਰਾਨਾ

ਮੈਂ ਕੋਈ ਆਕੜਖ਼ਾਨ ਨਹੀਂ ਤੇ, ਨਾ ਮੈਂ ਦਿਲ ਦਾ ਰੁਖਾਂ ਹਾਂ।
ਪਿਆਰ ਕਰਨ ਲਈ ਬਹਿਬਲ ਕੁੜੀਏ, ਮੈਂ ਵੀ ਪਿਆਰ ਦਾ ਭੁਖਾਂ ਹਾਂ।

ਚਿਰ ਦੀ ਗਲ ਏ ਮੇਰੀ ਨਗਰੀ, ਵਿਚ ਕੁੜੀ ਇਕ ਆਈ ਸੀ।
ਦੇ ਦੇ ਕੇ ਧਰਵਾਸੇ ਉਸਨੇ, ਦੁਨੀਆਂ ਮੇਰੀ ਵਸਾਈ ਸੀ।

ਆਖਿਰ ਇਕ ਦਿਨ ਰੋਂਦੀ ਰੋਂਦੀ, ਤੁਰ ਗਈ ਡੋਲੇ ਬਹਿਕੇ ਉਹ।
ਤੇਰੀ ਰਹਾਂ ਗੀ, ਰਖ ਤਸੱਲੀ, ਵਿਛੜੀ ਏਦਾਂ ਕਹਿਕੇ ਉਹ।
ਓ, ਦਿਨ ਤੋਂ ਇਹ ਜਿੰਦੜੀ ਮੇਰੀ, ਪੀਹਣ ਗ਼ਮਾਂ ਦਾ ਝੋਂਦੀ ਏ।
ਸੁਣਦਾ ਹਾਂ ਕਿ ਯਾਦ ਤੇਰੀ ਵਿਚ, ਉਹ ਵੀ ਬਹਿ ਬਹਿ ਰੋਂਦੀ ਏ।

ਤੇਰੇ ਪਿਆਸੇ ਨੈਣਾਂ ਦਾ ਮੈਂ, ਕਰਦਾ ਹਾਂ ਸਤਿਕਾਰ ਕੁੜੇ।
ਪਰ ਨਾ ਸੁਪਨੇ ਵਿਚ ਵੀ ਤੈਨੂੰ, ਕਰ ਸਕਾਂਗਾ ਪਿਆਰ ਕੁੜੇ।

ਰਖਦਾ ਹਾਂ ਮੈਂ ਸਾਂਭ ਸਾਂਭ ਕੇ, ਨਾ ਕੋਈ ਨਾਗਣ ਡੰਗ ਲਵੇ।
ਮੇਰੀ ਜਿੰਦ ਅਮਾਨਤ ਉਹਦੀ, ਪਤਾ ਨਹੀਂ ਕਦ ਮੰਗ ਲਵੇ।

ਗੀਤ

ਚਿਕ ਦੇ ਪਿਛੋਂ ਝਾਕ ਰਹੇ ਨੇ, ਦੋ ਮਸਤਾਨੇ ਨੈਣ ।
ਪਤਾ ਨਹੀਂ ਕੀ ਆਖ ਰਹੇ ਨੇ, ਦੋ ਮਸਤਾਨੇ ਨੈਣ ।

ਮੈਂ ਇਕ ਦੂਰ ਦੇਸ਼ ਦਾ ਰਾਹੀ, ਬੈਠਾਂ ਵਿਚ ਪਰਦੇਸ ।
ਬਣਦੇ ਜਾਂਦੇ ਨੇ ਹਥਕੜੀਆਂ, ਕਾਲੇ ਕਾਲੇ ਕੇਸ ।

ਮਲੋ ਮੱਲੀ ਦੁਖੀਏ ਮਨ ਨੂੰ, ਔਂਦੀ ਜਾਪੇ ਚੈਨ ।
ਚਿਕ ਦੇ ਪਿਛੋਂ.....

ਰੂਪ ਨਗਰ ਦੀ ਰਾਣੀ ਅਗੇ, ਪਿਆਰ ਹੈ ਡਾਵਾਂ-ਡੋਲ ।
ਨਾੜ ਨਾੜ ਵਿਚ ਰਹਿ ਰਹਿ ਕੋਈ, ਰਿਹਾ ਏ ਅੰਮ੍ਰਿਤ ਘੋਲ ।

ਚੜ੍ਹਦੀ ਜਾਵੇ ਸਗੋਂ ਖੁਮਾਰੀ, ਜਿਉਂ ਜਿਉਂ ਡਾਕੇ ਪੈਣ ।
ਪਤਾ ਨਹੀਂ ਕੀ.....

ਅੰਬਰਾਂ ਵਲ ਮੈਂ ਉਡਦਾ ਜਾਵਾਂ, ਇਸ ਧਰਤੀ ਤੋਂ ਦੂਰ ।
ਨੈਣਾਂ ਨੇ ਨੈਣਾਂ ਦਾ ਨਾਤਾ, ਕਰ ਲੀਤੇ ਮਨਜ਼ੂਰ ।

ਜੀ, ਆਇਆਂ ਨੂੰ ਨੈਣ ਇਹ ਦੋਵੇਂ, ਮਨ ਦੀਆਂ ਮੌਜਾਂ ਲੈਣ ।
ਚਿਕ ਦੇ ਪਿਛੋਂ.....



ਉਪਾਸਕ